# ਜਦੋਂ ਕਿੱਸੇ ਬੱਚੇ ਦੀ ਮੌਤ ਹੋ ਜਾਂਦੀ ਹੈ

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇੱਕ ਗਾਈਡ



ਨੈਸ਼ਨਲ ਚਾਈਲਡ ਮੌਰਟੈਲਿਟੀ ਡੇਟਾਬੇਸ (NCMD) **ਇੱਕ NHS ਇੰਗਲੈਂਡ ਦੁਆਰਾ ਫੰਡ ਕੀਤਾ ਗਿਆ ਪ੍ਰੋਗਰਾਮ ਹੈ।**

NCMD
National Child Mortality Database

# ਵਿਸ਼ਾ-ਸੂਚੀ


**ਭੂਮਿਕਾ** 3

## ਭਾਗ 1

**ਜਦੋਂ ਕਿਸੇ ਬੱਚੇ ਦੀ ਮੌਤ ਹੁੰਦੀ ਹੈ ਤਾਂ ਕੀ ਹੁੰਦਾ ਹੈ – ਇੱਕ ਸੰਖੇਪ ਜਾਣਕਾਰੀ** 4

**ਤੁਹਾਨੂੰ ਜਾਣੂ ਰੱਖਦੇ ਹੋਏ** 5

- ਤੁਹਾਡੇ ਮੁੱਖ ਕਾਰਕੁਨ ਦੀ ਭੂਮਿਕਾ 5
- ਹੋਰ ਪੇਸ਼ੇਵਰ 5

**ਤੁਹਾਡੇ ਬੱਚੇ ਦੇ ਦੇਹਾਂਤ ਤੋਂ ਥੋੜ੍ਹੀ ਦੇਰ ਬਾਅਦ** 6

- ਮੌਤ ਦੇ ਕਾਰਨ ਦਾ ਮੈਡੀਕਲ ਸਰਟੀਫਿਕੇਟ 6
- ਲੰਬੇ ਸਮੇਂ ਜਾਂ ਜੀਵਨ-ਸੀਮਤ ਕਰਨ ਵਾਲੀ ਸਥਿਤੀ ਵਾਲੇ ਬੱਚੇ 6

**ਸੰਭਾਵਿਤ ਹੋਰ ਜਾਂਚਾਂ** 7

- ਜਾਂਚ ਵਿੱਚ ਕਿੰਨਾ ਸਮਾਂ ਲੱਗੇਗਾ 7
- ਕੋਰੋਨਰ ਕੀ ਕਰਦਾ ਹੈ 7
- ਪੋਸਟਮਾਰਟਮ ਜਾਂਚ ਅਤੇ ਪੈਥੋਲੋਜਿਸਟ ਦੀ ਭੂਮਿਕਾ 8
- ਪੋਸਟਮਾਰਟਮ ਜਾਂਚ ਤੁਹਾਡੇ ਬੱਚੇ ਦੀ ਮੌਤ ਦੇ ਕਾਰਣ ਨੂੰ ਸਮਝਣ ਵਿੱਚ ਮਦਦ ਕਰ ਸਕਦੀ ਹੈ 8
- ਕੋਰੋਨਰ ਦੀ ਇਨਕਵੇਸਟ 9
- ਜਦੋਂ ਸਾਂਝੀਆਂ ਏਜੰਸੀਆਂ ਸ਼ਾਮਿਲ ਹੁੰਦੀਆਂ ਹਨ 10
- NHS ਮਰੀਜ਼ ਸੁਰੱਖਿਆ ਘਟਨਾ ਦੀ ਜਾਂਚ 11

**ਬਾਲ ਮੌਤ ਸਮੀਖਿਆ ਦਾ ਸਿੱਟਾ** 12

- ਤੁਹਾਡੇ ਬੱਚੇ ਦੀ ਮੌਤ ਬਾਰੇ ਸਥਾਨਕ ਚਰਚਾਵਾਂ 12
- ਬੱਚਿਆਂ ਦੀਆਂ ਮੌਤਾਂ ਬਾਰੇ ਖੇਤਰੀ ਚਰਚਾਵਾਂ – ਚਾਈਲਡ ਡੈਥ ਓਵਰਵਿਊ ਪੈਨਲ 13
- ਨੈਸ਼ਨਲ ਚਾਈਲਡ ਮੋਰਟੈਲਿਟੀ ਡੇਟਾਬੇਸ (NCMD) 14

**ਜੇ ਚਾਈਲਡ ਡੈਥ ਰਿਵਿਊ ਪ੍ਰਕਿਰਿਆ ਦੀ ਪਾਲਣਾ ਨਾ ਕੀਤੀ ਗਈ ਹੋਵੇ** 14

## ਭਾਗ 2

**ਤੁਹਾਡੇ ਲਈ ਕਰਨ ਵਾਲੀਆਂ ਚੀਜ਼ਾਂ** 15

- ਸਹਾਇਤਾ 15
- ਤੁਹਾਡੇ ਬੱਚੇ ਦੀ ਮੌਤ ਦੀ ਰਜਿਸਟ੍ਰੇਸ਼ਨ 15
- ਆਪਣੇ ਬੱਚੇ ਦੇ ਅੰਤਿਮ ਸੰਸਕਾਰ ਦੀ ਯੋਜਨਾ ਬਣਾਉਣਾ 15
- ਬੱਚਿਆਂ ਦਾ ਲਾਭ ਅਤੇ ਹੋਰ ਭੁਗਤਾਨ 16
- ਹੋਰ ਗੱਲਾਂ ਜਿਨ੍ਹਾਂ ਬਾਰੇ ਸੋਚਣਾ ਹੈ 17

**ਹੋਰ ਜਾਣਕਾਰੀ ਲਈ ਕਿੱਥੇ ਜਾਣਾ ਹੈ** 17

**ਸ਼ੋਕ ਸਹਾਇਤਾ ਦੇ ਸਰੋਤ** 18

## ਇਹ ਮਾਰਗਦਰਸ਼ਨ ਉਹਨਾਂ ਮਾਪਿਆਂ, ਸਹਾਇਤਾ ਸੰਗਠਨਾਂ ਅਤੇ ਪੇਸ਼ੇਵਰਾਂ ਦੇ ਇੱਕ ਸਮੂਹ ਨੂੰ ਜੋੜ ਦੇ ਤਿਆਰ ਕੀਤਾ ਗਿਆ ਹੈ; ਜਿਨ੍ਹਾਂ ਨੇ ਆਪਣਾ ਬੱਚਾ ਗੁਆ ਦਿੱਤਾ ਹੈ। ਇਹ 18 ਸਾਲ ਤੋਂ ਘੱਟ ਉਮਰ ਦੇ ਬੱਚੇ ਦੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਹੈ ਤਾਂ ਜੋ ਤੁਹਾਨੂੰ ਇਹ ਸਮਝਣ ਵਿੱਚ ਮਦਦ ਮਿਲ ਸਕੇ ਕਿ ਹੁਣ ਅਗੇ ਕਿ ਹੋਵੇਗਾ ਅਤੇ ਉਹਨਾਂ ਲਈ ਕਿਸ ਤਰੀਕੇ ਦੀ ਸਹਾਇਤਾ ਉਪਲਬਧ ਹੈ।

## ਤੁਹਾਡੇ ਬੱਚੇ ਦੀ ਮੌਤ ਤੋਂ ਬਾਅਦ ਦੇ ਸ਼ੁਰੂਆਤੀ ਦਿਨਾਂ ਵਿੱਚ ਇਹ ਗਾਈਡ ਤੁਹਾਨੂੰ ਦਿੱਤੀ ਜਾਣੀ ਚਾਹੀਦੀ ਹੈ, ਜੋ ਕਿ ਅਸੀਂ ਜਾਣਦੇ ਹਾਂ ਕਿ ਇੱਕ ਮੁਸ਼ਕਲ ਸਮਾਂ ਹੋ ਸਕਦਾ ਹੈ। ਸਾਰੀ ਜਾਣਕਾਰੀ ਤੁਹਾਡੇ ਲਈ ਲਾਗੂ ਨਹੀਂ ਹੋਵੇਗੀ। ਤੁਸੀਂ ਇਸ ਗਾਈਡ ਨੂੰ ਆਪਣੇ ਕੋਲ ਰੱਖਣਾ ਅਤੇ ਬਾਅਦ ਵਿੱਚ ਦੁਬਾਰਾ ਪੜ੍ਹਨਾ ਚਾਹੋਗੇ।

> ਸਾਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਜਦੋਂ ਅਸੀਂ ਆਪਣਾ ਬੱਚਾ ਗੁਆ ਬੈਠੇ, ਤਾਂ ਕੀ ਹੋਵੇਗਾ ਅਤੇ ਕਿਸ-ਕਿਸ ਦੀ ਸ਼ਾਮਲਗੀ ਹੋਵੇਗੀ। ਇਹ ਪਰਚਾ ਇਸ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰੇਗਾ ਕਿ ਅੱਗੇ ਕੀ ਹੋ ਸਕਦਾ ਹੈ, ਤੁਹਾਨੂੰ ਕਿਸਨੂੰ ਸੰਪਰਕ ਕਰਨ ਦੀ ਉਮੀਦ ਰੱਖਣੀ ਚਾਹੀਦੀ ਹੈ ਅਤੇ ਤੁਸੀਂ ਮਦਦ ਲਈ ਕਿਸ ਨਾਲ ਗੱਲ ਕਰ ਸਕਦੇ ਹੋ। ਅਸੀਂ ਆਸ ਕਰਦੇ ਹਾਂ ਕਿ ਇਹ ਲੈਫਲੈਟ ਤੁਹਾਡੇ ਕੁਝ ਸਵਾਲਾਂ ਦੇ ਜਵਾਬ ਦੇਵੇਗਾ, ਕੁਝ ਉਹਨਾਂ ਸਵਾਲਾਂ ਦੇ ਵੀ ਜੋ ਤੁਸੀਂ ਸ਼ਾਇਦ ਸੋਚੇ ਹੀ ਨਾ ਹੋਣ, ਅਤੇ ਇਹ ਬਾਅਦ ਵਿੱਚ ਹਵਾਲੇ ਲਈ ਇੱਕ ਲਾਭਦਾਇਕ ਸਰੋਤ ਵਜੋਂ ਕੰਮ ਕਰੇਗਾ।
> **ਸ਼ੋਕਗ੍ਰਸਤ ਮਾਪੇ**

ਇਹ ਜ਼ਰੂਰੀ ਹੈ ਕਿ ਹਰ ਬੱਚੇ ਦੀ ਮੌਤ ਦੀ ਸਮੀਖਿਆ ਕੀਤੀ ਜਾਵੇ ਤਾਂ ਜੋ ਉਹਨਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਮਿਲ ਸਕੇ।

ਇਹ ਸਮੀਖਿਆ ਦਾ ਉਦੇਸ਼ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਦੇ ਹੋਰ ਸੱਦਸਿਆ ਨੂੰ ਇਹ ਸਮਝਣ ਵਿੱਚ ਸਹਾਇਤਾ ਕਰਨਾ ਹੈ ਕਿ ਤੁਹਾਡੇ ਬੱਚੇ ਦੀ ਮੌਤ ਕਿਉਂ ਹੋਈ। ਇਸੇ ਕਾਰਨ ਨਾਲ ਦੂਜੇ ਬੱਚਿਆਂ ਨੂੰ ਵੀ ਮਰਨ ਤੋਂ ਰੋਕਣ ਦੀ ਵੀ ਕੋਸ਼ਿਸ਼ ਕਰੇਗੀ।

ਇਹ ਗਾਈਡ ਉਨ੍ਹਾਂ ਮਾਪਿਆਂ ਲਈ ਹੈ ਜਿਨ੍ਹਾਂ ਦੇ ਬੱਚੇ ਦੀ ਮੌਤ ਇੰਗਲੈਂਡ ਵਿੱਚ ਹੋ ਗਈ ਹੈ।

ਇਸ ਗਾਈਡ ਦਾ **ਭਾਗ 1** ਬਾਲ ਮੌਤ ਸਮੀਖਿਆ ਦੇ ਵੱਖ-ਵੱਖ ਪਹਿਲੂਆਂ ਨੂੰ ਸ਼ਾਮਲ ਕਰਦਾ ਹੈ।

**ਭਾਗ 2** ਵਿੱਚ ਉਹਨਾਂ ਕੁਝ ਚੀਜ਼ਾਂ ਤੇ ਵਿਚਾਰ ਕਰਦਾ ਹੈ ਜੋ ਤੁਹਾਨੂੰ ਕਰਨ ਦੀ ਲੋੜ ਪਵੇਗੀ ਅਤੇ ਇਹ ਵੀ ਦਸਿਆ ਗਿਆ ਹੈ ਕਿ ਇਸ ਲਈ ਜੁੜੀ ਹੋਰ ਜਾਣਕਾਰੀ ਅਤੇ ਸਹਾਇਤਾ ਕਿੱਥੋਂ ਪ੍ਰਾਪਤ ਕਰ ਸਕਦੇ ਹੋ।

ਇਸ ਗਾਈਡ ਵਿੱਚ ਇੱਕ ਮੁੱਖ ਕਾਰਕੁਨ ਬਾਰੇ ਜਾਣਕਾਰੀ ਸ਼ਾਮਲ ਹੈ ਜੋ ਤੁਹਾਡੇ ਸੰਪਰਕ ਦਾ ਮੁੱਖ ਵਿਅਕਤੀ ਹੋ ਸਕਦਾ ਹੈ ਅਤੇ ਜੋ ਤੁਹਾਨੂੰ ਸਹਾਇਤਾ ਦੇ ਸਰੋਤਾਂ ਤੱਕ ਪਹੁੰਚਾਉਣ ਵਿੱਚ ਮਦਦ ਕਰ ਸਕਦਾ ਹੈ।

ਤੁਹਾਡਾ ਮੁੱਖ ਕਾਰਕੁਨ ਹੈ:

| |
|---|
| |

ਜੇ ਤੁਹਾਨੂੰ ਉੱਪਰ ਦਿੱਤੇ ਬਾਕਸ ਵਿੱਚ ਨਾਮ ਨਾ ਹੋਣ ਦੇ ਬਾਵਜੂਦ ਇਹ ਗਾਈਡ ਦਿੱਤੀ ਗਈ ਹੈ, ਤਾਂ ਉਹਨਾਂ ਪੇਸ਼ੇਵਰਾਂ ਵਿੱਚੋਂ ਕਿਸੇ ਇੱਕ ਨਾਲ ਸੰਪਰਕ ਕਰੋ ਜਿਨ੍ਹਾਂ ਨਾਲ ਤੁਸੀਂ ਪਹਿਲਾਂ ਹੀ ਸੰਪਰਕ ਕੀਤਾ ਹੈ, ਤਾਂ ਜੋ ਇਹ ਚਰਚਾ ਕੀਤੀ ਜਾ ਸਕੇ ਕਿ ਇਹ ਵਿਅਕਤੀ ਕੌਣ ਹੋਣਾ ਚਾਹੀਦਾ ਹੈ।

ਜਿੱਥੇ 'ਮਾਪੇ ਅਤੇ ਦੇਖਭਾਲ ਕਰਨ ਵਾਲੇ' ਬਾਰੇ ਗੱਲ ਕੀਤੀ ਗਈ ਹੈ, ਉਥੇ ਇਸ ਵਿੱਚ ਬੱਚੇ ਦੇ ਮੁੱਖ ਦੇਖਭਾਲ ਕਰਨ ਵਾਲੇ ਸ਼ਾਮਲ ਹਨ ਭਾਵੇ ਉਹ ਬੱਚੇ ਦੇ ਜੈਵਿਕ ਮਾਪੇ ਨਹੀਂ ਹੋਵਣ, ਜਿਵੇਂ ਕਿ ਦੇਖਭਾਲ ਕਰਨ ਵਾਲੇ, ਸਮਲਿੰਗੀ ਸਾਥੀ ਅਤੇ ਕੋਈ ਹੋਰ ਸਰਪ੍ਰਸਤ।

# ਭਾਗ 1

## ਜਦੋਂ ਕਿਸੇ ਬੱਚੇ ਦੀ ਮੌਤ ਹੋ ਜਾਂਦੀ ਹੈ ਤਾਂ ਕੀ ਹੁੰਦਾ ਹੈ ਇਸਦਾ ਸੰਖੇਪ

ਕਿਸੀ ਬੱਚੇ ਦੀ ਮੌਤ ਕੋਈ ਵੀ ਪਰਿਵਾਰ ਲਈ ਸਭ ਤੋਂ ਮੁਸ਼ਕਲ ਅਨੁਭਵ ਹੁੰਦਾ ਹੈ। 'ਬੱਚੇ ਦੀ ਮੌਤ ਦੀ ਸਮੀਖਿਆ' ਉਹ ਸ਼ਬਦ ਹੈ ਜੋ ਬੱਚੇ ਦੀ ਮੌਤ ਤੋਂ ਬਾਅਦ ਹੋਣ ਵਾਲੀਆਂ ਰਸਮੀ ਪ੍ਰਕਿਰਿਆਵਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਹਰ ਬੱਚੇ ਦੀ ਮੌਤ ਦੇ ਮਾਮਲੇ ਵਿੱਚ ਕੁਝ ਤੱਤ ਹੁੰਦੇ ਹਨ, ਅਤੇ ਕੁਝ ਤੱਤ ਹਾਲਾਤਾਂ ਦੇ ਅਨੁਸਾਰ ਜ਼ਰੂਰੀ ਨਹੀਂ ਹੋ ਸਕਦੇ। ਤੁਹਾਡਾ ਮੁੱਖ ਕਾਰਕੁਨ ਤੁਹਾਨੂੰ ਦੱਸ ਸਕੇਗਾ ਕਿ ਤੁਹਾਡੇ ਬੱਚੇ ਦੇ ਸਬੰਧ ਵਿੱਚ ਕੀ ਹੋ ਰਿਹਾ ਹੈ।

ਹੇਠਾਂ ਦਿੱਤਾ ਗਿਆ ਚਿੱਤਰ ਸਮੁੱਚੀ ਪ੍ਰਕਿਰਿਆ ਦੇ ਤਿੰਨ ਪੜਾਵਾਂ ਅਤੇ ਇਸ ਵਿੱਚ ਸ਼ਾਮਲ ਹੋ ਸਕਣ ਵਾਲੇ ਵੱਖ-ਵੱਖ ਹਿੱਸਿਆਂ ਨੂੰ ਦਰਸਾਉਂਦਾ ਹੈ। ਇਸ ਪੂਰੀ ਗਾਈਡ ਵਿੱਚ ਅਸੀਂ ਇਸਨੂੰ ਵਰਣਨ ਕਰਨ ਲਈ 'ਸਮੀਖਿਆ ਪ੍ਰਕਿਰਿਆ' ਸ਼ਬਦ ਦੀ ਵਰਤੋਂ ਕਰਦੇ ਹਾਂ।

ਇਸ ਗਾਈਡ ਵਿੱਚ ਹੇਠਾਂ ਦਿੱਤੇ ਹਰ ਭਾਗ ਬਾਰੇ ਹੋਰ ਜਾਣਕਾਰੀ ਉਪਲਬਧ ਹੈ।

**ਤੁਹਾਡੇ ਬੱਚੇ ਦੇ ਦੇਹਾਂਤ ਤੋਂ ਥੋੜ੍ਹੀ ਦੇਰ ਬਾਅਦ**

- ਇਹ ਫੈਸਲੇ ਕੀਤੇ ਜਾਂਦੇ ਹਨ ਕਿ ਕੀ ਹੋਰ ਕੋਈ ਜਾਂਚਾਂ ਦੀ ਲੋੜ ਹੋ ਸਕਦੀ ਹੈ
- ਸੂਚਨਾਵਾਂ ਦਿੱਤੀਆਂ ਜਾਂਦੀਆਂ ਹਨ
- ਸਰਕਾਰੀ ਅਧਿਕਾਰੀਆਂ ਦੀ ਸੰਭਾਵਿਤ ਸ਼ਮੂਲੀਅਤ, ਜਿਵੇਂ ਕਿ ਕੋਰੋਨਰ, ਪੁਲਿਸ
- ਮੈਡੀਕਲ ਜਾਂਚਕਰਤਾ ਦੀ ਸ਼ਮੂਲੀਅਤ

**ਹੋਰ ਜਾਂਚ ਸ਼ੁਰੂ ਹੋ ਸਕਦੀ ਹੈ**

- ਕੋਰੋਨਰ ਦੀ ਜਾਂਚ
- ਪੋਸਟਮਾਰਟਮ ਜਾਂਚ
- ਸਾਂਝੀ ਏਜੰਸੀ ਦੀ ਪ੍ਰਤੀਕਿਰਿਆ
- NHS ਮਰੀਜ਼ ਸੁਰੱਖਿਆ ਘਟਨਾ ਜਾਂਚ (PSII)

**ਬੱਚੇ ਦੀ ਮੌਤ ਸਮੀਖਿਆ ਦਾ ਸਿੱਟਾ**

- ਹਰ ਬੱਚੇ ਦੀ ਮੌਤ ਦੀ ਸਥਾਨਕ ਸਮੀਖਿਆ, ਜਿਸ ਵਿੱਚ ਪਰਿਵਾਰ ਦੇ ਸਵਾਲ/ਟਿੱਪਣੀਆਂ ਵੀ ਸ਼ਾਮਲ ਹੁੰਦੀਆਂ ਹਨ
- ਜਦੋਂ ਸਾਰੀਆਂ ਜਾਂਚਾਂ ਪੂਰੀਆਂ ਹੋ ਜਾਂਦੀਆਂ ਹਨ, ਤਦ ਪੇਸ਼ੇਵਰ ਇਹ ਵੇਖਦੇ ਹਨ ਕਿ ਕੀ ਉਹ ਕੁਝ ਸਿੱਖ ਸਕਦੇ ਹਨ ਤਾਂ ਜੋ ਭਵਿੱਖ ਵਿੱਚ ਮੌਤਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਸਕੇ
- ਹਰ ਮੌਤ ਪੇਸ਼ੇਵਰਾਂ ਨੂੰ ਸਿੱਖਣ ਅਤੇ ਸਹਾਇਤਾ ਅਤੇ ਪ੍ਰਥਾਵਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰ ਸਕਦੀ ਹੈ

**ਪੂਰੀ ਪ੍ਰਕਿਰਿਆ ਦੌਰਾਨ ਤੁਹਾਨੂੰ ਆਪਣੇ ਮੁੱਖ ਕਾਰਕੁਨ ਵੱਲੋਂ ਸਹਾਇਤਾ ਅਤੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ**

# ਤੁਹਾਨੂੰ ਸੂਚਿਤ ਰੱਖਣਾ

## ਤੁਹਾਡੇ ਮੁੱਖ ਕਾਰਕੁਨ ਦੀ ਭੂਮਿਕਾ

ਤੁਹਾਨੂੰ ਤੁਹਾਡੇ ਬੱਚੇ ਦੀ ਮੌਤ ਨਾਲ ਸੰਬੰਧਿਤ ਕਿਸੇ ਵੀ ਸਮੀਖਿਆ ਜਾਂ ਜਾਂਚ ਦੌਰਾਨ ਇੱਕ ਹੀ ਨਾਮਜ਼ਦ ਸੰਪਰਕ ਵਿਅਕਤੀ ਦਿੱਤਾ ਜਾਣਾ ਚਾਹੀਦਾ ਹੈ, ਜੋ ਤੁਹਾਡੇ ਮੁੱਖ ਕਾਰਕੁਨ ਵਜੋਂ ਕੰਮ ਕਰੇ। ਇਹ ਉਹ ਵਿਅਕਤੀ ਹੋਵੇਗਾ ਜਿਸ ਤੋਂ ਤੁਸੀਂ ਬੱਚੇ ਦੀ ਮੌਤ ਸਮੀਖਿਆ ਪ੍ਰਕਿਰਿਆ ਬਾਰੇ ਜਾਣਕਾਰੀ ਲੈ ਸਕਦੇ ਹੋ ਅਤੇ ਜੋ ਤੁਹਾਨੂੰ ਸਹਾਇਤਾ ਦੇ ਵੱਖ-ਵੱਖ ਸਰੋਤਾਂ ਵੱਲ ਮਾਰਗਦਰਸ਼ਨ ਕਰ ਸਕਦਾ ਹੈ।

ਤੁਹਾਡਾ ਮੁੱਖ ਕਾਰਕੁਨ ਆਮ ਤੌਰ ਤੇ NHS ਜਾਂ ਇੱਕ ਧਰਮਸ਼ਾਲਾ ਤੋਂ ਇੱਕ ਪੇਸ਼ੇਵਰ ਹੋਵੇਗਾ। ਇਹ ਕੋਈ ਨਰਸ, ਦਾਈ ਜਾਂ ਸੋਗ ਸਹਾਇਤਾ ਟੀਮ ਦਾ ਸੱਦਸ ਹੋ ਸਕਦਾ ਹੈ। ਜੇਕਰ ਤੁਹਾਡੇ ਬੱਚੇ ਨੂੰ ਲੰਬੇ ਸਮੇਂ ਦੀ ਬਿਮਾਰੀ ਸੀ ਤਾਂ ਤੁਹਾਡੇ ਪਰਿਵਾਰ ਵਿੱਚ ਪਹਿਲਾਂ ਹੀ ਇੱਕ ਨਿਯੁਕਤ ਪੇਸ਼ੇਵਰ ਹੋ ਸਕਦਾ ਹੈ, ਜਿਵੇਂ ਕਿ ਕੋਈ ਸੰਪਰਕ ਨਰਸ, ਜਿਸਨੂੰ ਤੁਸੀਂ ਆਪ ਜਾਣਦੇ ਹੋ ਅਤੇ ਜੋ ਤੁਹਾਡੇ ਮੁੱਖ ਕਾਰਕੁਨ ਦੇ ਰੂਪ ਦੇ ਵਜੋਂ ਕੰਮ ਕਰ ਸਕਦਾ ਹੈ। ਉਨ੍ਹਾਂ ਦੀ ਭੂਮਿਕਾ ਹੈ ਕਿ ਇਹ:

- ਤੁਹਾਡੇ ਲਈ ਇੱਕ ਭਰੋਸੇਯੋਗ ਅਤੇ ਆਸਾਨੀ ਨਾਲ ਪਹੁੰਚਯੋਗ ਸੰਪਰਕ ਵਿਅਕਤੀ ਹੋਣਾ
- ਤੁਹਾਡੇ ਅਤੇ ਹੋਰ ਪੇਸ਼ੇਵਰਾਂ ਵਿਚ ਹੋਣ ਵਾਲੀਆਂ ਬੈਠਕਾਂ ਦਾ ਤਾਲਮੇਲ ਬਣਾਉਣ ਵਿੱਚ ਮਦਦ ਕਰੇ
- ਬੱਚੇ ਦੀ ਮੌਤ ਸਮੀਖਿਆ ਪ੍ਰਕਿਰਿਆ ਅਤੇ ਕਿਸੇ ਵੀ ਲੋੜੀਂਦੀ ਜਾਂਚ ਬਾਰੇ ਜਾਣਕਾਰੀ ਸਪਸ਼ਟ ਤੌਰ 'ਤੇ ਪ੍ਰਦਾਨ ਕਰੇ
- ਪੇਸ਼ੇਵਰਾਂ ਵਿਚਕਾਰ ਹੋਣ ਵਾਲੀਆਂ ਬੈਠਕਾਂ ਵਿੱਚ ਤੁਹਾਡੀ ਆਵਾਜ਼ ਬਣੇ
- ਇਹ ਯਕੀਨੀ ਬਣਾਏ ਕਿ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਜਾਣ ਅਤੇ ਬਾਅਦ ਵਿੱਚ ਤੁਹਾਨੂੰ ਇਸ ਬਾਰੇ ਜਾਣਕਾਰੀ ਦਿੱਤੀ ਜਾਵੇ
- ਤੁਹਾਨੂੰ ਉਚਿਤ ਸੋਗ ਸਹਾਇਤਾ ਸੇਵਾਵਾਂ ਵੱਲ ਮਾਰਗਦਰਸ਼ਨ ਕਰੇ

**ਸਮੀਖਿਆ ਪ੍ਰਕਿਰਿਆ ਦੌਰਾਨ ਤੁਹਾਡਾ ਮੁੱਖ ਕਾਰਕੁਨ ਤੁਹਾਡਾ ਮੁੱਖ ਕਾਰਕੁਨ ਵਿਅਕਤੀ ਹੋਣਾ ਚਾਹੀਦਾ ਹੈ**

## ਹੋਰਪੇਸ਼ੇਵਰ

ਕੁਝ ਹੋਰ ਪੇਸ਼ੇਵਰ ਵੀ ਹੋ ਸਕਦੇ ਹਨ ਜਿਨ੍ਹਾਂ ਦਾ ਤੁਹਾਡੇ ਨਾਲ ਨਿਰੰਤਰ ਸੰਪਰਕ ਰਹਿ ਸਕਦਾ ਹੈ।

**ਕੋਰੋਨਰ** – ਜੇ ਤੁਹਾਡੇ ਬੱਚੇ ਦੀ ਮੌਤ ਦਾ ਮਾਮਲਾ ਕੋਰੋਨਰ ਨੂੰ ਸੌਂਪਿਆ ਗਿਆ ਹੈ, ਤਾਂ ਕੋਰੋਨਰ ਦਾ ਅਧਿਕਾਰੀ ਇਸ ਮਾਮਲੇ ਦੀ ਜ਼ਿੰਮੇਵਾਰੀ ਲਵੇਗਾ।

**ਮੈਡੀਕਲ ਜਾਂਚਕਰਤਾ** –ਜਿਹੜੀਆਂ ਬੱਚਿਆਂ ਦੀਆਂ ਮੌਤਾਂ ਦੀ ਜਾਂਚ ਕੋਰੋਨਰ ਦੁਆਰਾ ਨਹੀਂ ਕੀਤੀ ਜਾਂਦੀ, ਉਹਨਾਂ ਦੀ ਸਮੀਖਿਆ**NHS ਮੈਡੀਕਲ ਜਾਂਚਕਰਤਾ**ਦੁਆਰਾ ਕੀਤੀ ਜਾਂਦੀ ਹੈ। ਮੈਡੀਕਲ ਜਾਂਚਕਰਤਾ ਸੀਨੀਅਰ ਡਾਕਟਰ ਹੁੰਦੇ ਹਨ, ਜਿਨ੍ਹਾਂ ਨੂੰ ਮੌਤ ਪ੍ਰਮਾਣ ਪੱਤਰ ਜਾਰੀ ਕਰਨ ਦੀ ਪ੍ਰਕਿਰਿਆ ਦੇ ਕਾਨੂੰਨੀ ਅਤੇ ਕਲੀਨਿਕਲ ਪੱਖਾਂ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ। ਮੈਡੀਕਲ ਜਾਂਚਕਰਤਾ ਤੁਹਾਨੂੰ ਇਸ ਗੱਲ ਦਾ ਮੌਕਾ ਦੇਵੇਗਾ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰ ਸਕੋ ਜੋ ਤੁਹਾਡੇ ਬੱਚੇ ਦੀ ਦੇਖਭਾਲ ਵਿੱਚ ਸ਼ਾਮਲ ਨਹੀਂ ਸੀ, ਜਿਵੇਂ ਕਿ ਮੈਡੀਕਲ ਏਗਜ਼ਾਮਿਨਰ ਜਾਂ ਮੈਡੀਕਲ ਏਗਜ਼ਾਮਿਨਰ ਅਧਿਕਾਰੀ। ਉਹ ਕਿਸੇ ਵੀ ਅਜਿਹੀ ਮੌਤ ਦੀ ਸੁਤੰਤਰ ਜਾਂਚ ਪ੍ਰਦਾਨ ਕਰਦੇ ਹਨ ਜਿੱਥੇ ਕੋਰੋਨਰ ਸ਼ਾਮਲ ਨਹੀਂ ਹੁੰਦਾ।

**ਪੁਲਿਸ** - ਜੇ ਕੋਈ ਪੁਲਿਸ ਜਾਂਚ ਹੁੰਦੀ ਹੈ, ਤਾਂ ਤੁਹਾਡੀ ਸਹਾਇਤਾ ਕਰਨ ਅਤੇ ਸੰਪਰਕ ਲਈ ਇੱਕ ਨਿਰਧਾਰਤ ਵਿਅਕਤੀ ਮੁਹੱਈਆ ਕਰਨ ਵਾਸਤੇ ਇੱਕ ਪਰਿਵਾਰਕ ਸੰਪਰਕ ਅਧਿਕਾਰੀ ਨਿਯੁਕਤ ਕੀਤਾ ਜਾ ਸਕਦਾ ਹੈ।

ਹੋਰ ਪੇਸ਼ੇਵਰ ਵੀ ਸਹਾਇਤਾ ਅਤੇ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ। ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਤੁਹਾਡਾ GP,
- ਸਮਾਜ ਸੇਵਕ,
- ਪਰਿਵਾਰਕ ਸਹਾਇਤਾ ਕਾਰਕੁਨ,
- ਦਾਈ,
- ਸਿਹਤ ਜਾਂਚਕਰਤਾ,
- ਪੈਲੀਏਟਿਵ ਕੇਅਰ ਟੀਮ,
- ਚੈਪਲੇਨਸੀ ਜਾਂ ਪਾਸਟੋਰਲ ਸਹਾਇਤਾ ਟੀਮ।

# ਤੁਹਾਡੇ ਬੱਚੇ ਦੇ ਦੇਹਾਂਤ ਤੋਂ ਥੋੜ੍ਹੀ ਦੇਰ ਬਾਅਦ

ਕਈ ਫੈਸਲੇ ਪੇਸ਼ੇਵਰਾਂ ਦੁਆਰਾ ਕੀਤੇ ਜਾਣਗੇ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਮੌਤ ਦਾ ਕਾਰਨ ਦਰਸਾਉਣ ਵਾਲਾ ਮੈਡੀਕਲ ਪ੍ਰਮਾਣ ਪੱਤਰ ਜਾਰੀ ਕੀਤਾ ਜਾ ਸਕਦਾ ਹੈ ਅਤੇ ਕੀ ਹੋਰ ਜਾਂਚਾਂ ਦੀ ਲੋੜ ਹੈ। ਕੁਝ ਹਾਲਾਤਾਂ ਵਿੱਚ, ਮਿਆਰੀ ਪ੍ਰਕਿਰਿਆ ਦੇ ਤਹਿਤ ਪੁਲਿਸ ਨੂੰ ਸ਼ਾਮਲ ਕੀਤਾ ਜਾਵੇਗਾ, ਪਰ ਇਸਦਾ ਇਹ ਮਤਲਬ ਨਹੀਂ ਹੈ ਕਿ ਤੁਹਾਡੇ ਉੱਤੇ ਕੋਈ ਸ਼ੱਕ ਹੈ।

**ਜ਼ਿਆਦਾਤਰ ਹਾਲਾਤਾਂ ਵਿੱਚ ਤੁਹਾਨੂੰ ਸਮਾਂ ਦਿੱਤਾ ਜਾਣਾ ਚਾਹੀਦਾ ਹੈ ਆਪਣੇ ਬੱਚੇ ਨਾਲ**

ਇੱਕ ਸਿਹਤ ਸੰਭਾਲ ਪੇਸ਼ੇਵਰ ਤੁਹਾਡੇ ਬੱਚੇ ਦੀ ਮੌਤ ਬਾਰੇ ਕੁਝ ਲੋਕਾਂ ਨੂੰ ਸੂਚਿਤ ਕਰੇਗਾ, ਜਿਵੇਂ ਕਿ ਤੁਹਾਡਾ GP, ਅਤੇ ਜੇ ਤੁਹਾਡੇ ਬੱਚੇ ਦੀ ਮੌਤ ਅਚਾਨਕ ਅਤੇ ਅਣਅਪੇਕਿਤ ਤੌਰ 'ਤੇ ਹੋਈ ਹੈ, ਤਾਂ ਕੋਰੋਨਰ ਨੂੰ ਵੀ ਸੂਚਿਤ ਕੀਤਾ ਜਾਵੇਗਾ।

ਤੁਹਾਨੂੰ ਆਪਣੇ ਬੱਚੇ ਦੀ ਯਾਦਗਾਰ ਵਜੋਂ ਕੁਝ ਚੀਜ਼ਾਂ ਰੱਖਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ, ਜਿਵੇਂ ਕਿ ਫੋਟੋਆਂ, ਵਾਲਾਂ ਦਾ ਇੱਕ ਗੁੱਛਾ, ਜਾਂ ਹੱਥ ਅਤੇ ਪੈਰਾਂ ਦੇ ਨਿਸ਼ਾਨ। ਜੇ ਤੁਹਾਨੂੰ ਇਹ ਚੀਜ਼ਾਂ ਨਹੀਂ ਦਿੱਤੀਆਂ ਜਾਂਦੀਆਂ, ਤਾਂ ਇਸ ਬਾਰੇ ਪੁੱਛਣਾ ਬਿਲਕੁਲ ਠੀਕ ਹੈ। ਤੁਹਾਨੂੰ ਆਪਣੇ ਬੱਚੇ ਨਾਲ ਕੁਝ ਸਮਾਂ ਬਿਤਾਉਣ ਦਾ ਮੌਕਾ ਮਿਲਣਾ ਚਾਹੀਦਾ ਹੈ, ਪਰ ਕੁਝ ਅਜਿਹੀਆਂ ਸਥਿਤੀਆਂ ਵੀ ਹੋ ਸਕਦੀਆਂ ਹਨ ਜਿੱਥੇ ਇਹ ਸੰਭਵ ਨਹੀਂ ਹੁੰਦਾ ਜਾਂ ਜਿੱਥੇ ਕਿਸੇ ਹੋਰ ਵਿਅਕਤੀ ਦੀ ਮੌਜੂਦਗੀ ਲਾਜ਼ਮੀ ਹੋ ਸਕਦੀ ਹੈ।

ਅੰਗ ਅਤੇ ਟਿਸ਼ੂ ਦਾਨ ਇੱਕ ਸੰਭਾਵਨਾ ਹੋ ਸਕਦੀ ਹੈ, ਅਤੇ ਡਾਕਟਰਾਂ ਨੂੰ ਇਸ ਬਾਰੇ ਤੁਹਾਡੇ ਨਾਲ ਗੱਲ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਇਸ ਉੱਤੇ ਵਿਚਾਰ ਕਰਨਾ ਚਾਹੁੰਦੇ ਹੋ, ਪਰ ਇਸ ਵਿਸ਼ੇ ਤੇ ਹਜੇ ਤੱਕ ਕੋਈ ਗੱਲ ਨਹੀਂ ਹੋਈ ਹੈ, ਤਾਂ ਆਪਣੇ ਮੁੱਖ ਕਾਰਕੁਨ ਨਾਲ ਗੱਲ ਕਰੋ।

**ਤੁਹਾਡੇ ਬੱਚੇ ਦੀ ਮੌਤ ਦੀ ਸਮੀਖਿਆ ਲਈ ਤੁਹਾਡਾ ਸੁਝਾਅ ਬਹੁਤ ਮਹੱਤਵਪੂਰਨ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਪੇਸ਼ੇਵਰ ਇਸ ਬਾਰੇ ਤੁਹਾਡੇ ਨਾਲ ਚਰਚਾ ਕਰਨਗੇ।**

## ਮੌਤ ਦੇ ਕਾਰਨ ਦਾ ਮੈਡੀਕਲ ਸਰਟੀਫਿਕੇਟ

ਤੁਹਾਡੇ ਬੱਚੇ ਦੇ ਦੇਹਾਂਤ ਤੋਂ ਤੁਰੰਤ ਬਾਅਦ, ਡਾਕਟਰ ਦੁਆਰਾ ਮੌਤ ਦੇ ਕਾਰਨ ਦਾ ਮੈਡੀਕਲ ਪ੍ਰਮਾਣ ਪੱਤਰ ਜਾਰੀ ਕੀਤਾ ਜਾ ਸਕਦਾ ਹੈ, ਜੇ:

- ਮੌਤ ਦਾ ਕਾਰਨ ਸਮਝਿਆ ਗਿਆ ਹੈ
- ਮੌਤ ਕੁਦਰਤੀ ਕਾਰਨਾਂ ਕਰਕੇ ਹੋਈ ਹੈ
- ਬੱਚੇ ਦੀ ਦੇਖਭਾਲ ਵਿੱਚ ਕੋਈ ਡਾਕਟਰ ਦੀ ਭੂਮਿਕਾ ਰਹੀ ਹੈ, ਅਤੇ
- ਮ੍ਰਿਤਕ ਬੱਚੇ ਨੂੰ ਦਿੱਤੀ ਗਈ ਦੇਖਭਾਲ ਨਾਲ ਜੁੜੀ ਕੋਈ ਵੱਡੀ ਚਿੰਤਾ ਨਹੀਂ ਹੈ

## ਲੰਬੇ ਸਮੇਂ ਤੱਕ ਚਲਣ ਵਾਲੀ ਜਾਂ ਜੀਵਨ-ਸੀਮਤਕਰਨ ਵਾਲੀ ਸਥਿਤੀ ਵਾਲੇ ਬੱਚੇ

ਜੇ ਤੁਹਾਡੇ ਬੱਚੇ ਨੂੰ ਲੰਬੇ ਸਮੇਂ ਦੀ ਬਿਮਾਰੀ ਜਾਂ ਜੀਵਨ-ਸੀਮਤ ਕਰਨ ਵਾਲੀ ਸਥਿਤੀ ਸੀ ਅਤੇ ਉਸਦੀ ਮੌਤ ਦੀ ਸੰਭਾਵਨਾ ਪਹਿਲਾਂ ਤੋਂ ਸੀ, ਤਾਂ ਸੰਭਵ ਹੈ ਕਿ ਤੁਹਾਡੇ ਪਰਿਵਾਰ ਅਤੇ ਤੁਹਾਡੀ ਸਹਾਇਤਾ ਕਰਨ ਵਾਲੀ ਟੀਮ ਨੇ ਮਿਲ ਕੇ ਇੱਕ ਢੁਕਵੀਂ 'ਦੇਖਭਾਲ ਯੋਜਨਾ' ਤਿਆਰ ਕੀਤੀ ਹੋਵੇਗੀ।

ਹੋ ਸਕਦਾ ਹੈ ਕਿ ਕੋਰੋਨਰ ਨੂੰ ਅਜੇ ਵੀ ਪੋਸਟਮਾਰਟਮ ਜਾਂਚ ਦਾ ਆਦੇਸ਼ ਦੇਣਾ ਪੈ ਸਕੇ। ਨਹੀਂ ਤਾਂ, ਤੁਹਾਨੂੰ ਆਪਣੇ ਬੱਚੇ ਦੀ ਮੌਤ ਜਲਦੀ ਦਰਜ ਕਰਵਾਉਣੀ ਪਵੇਗੀ ਅਤੇ ਆਪਣੇ ਪਰਿਵਾਰ ਦੁਆਰਾ ਤਹਿ ਕੀਤੀ ਗਈ ਅੰਤਿਮ ਸੰਸਕਾਰ ਅਤੇ ਯਾਦਗਾਰੀ ਪ੍ਰਬੰਧਾਂ ਦੇ ਨਾਲ ਅੱਗੇ ਵਧਣ ਯੋਗ ਹੋਣਾ ਚਾਹੀਦਾ ਹੈ।

ਆਪਣੇ ਬੱਚੇ ਦੀ ਮੌਤ ਦਰਜ ਕਰਨ ਅਤੇ ਅੰਤਿਮ ਸੰਸਕਾਰ ਦੀ ਯੋਜਨਾ ਬਣਾਉਣ ਨਾਲ ਜੁੜੀ ਜਾਣਕਾਰੀ ਇਸ ਗਾਈਡ ਦੇ ਭਾਗ 2 ਵਿੱਚ ਮਿਲ ਸਕਦੀ ਹੈ।

# ਸੰਭਾਵਿਤ ਹੋਰ ਜਾਂਚਾਂ

ਬਹੁਤ ਸਾਰੀਆਂ ਮੌਤਾਂ ਵਿੱਚ, ਤੁਰੰਤ ਫੈਸਲੇ ਕੀਤੇ ਜਾਣ ਅਤੇ ਸੂਚਨਾਵਾਂ ਦਿੱਤੀਆਂ ਜਾਣ ਤੋਂ ਬਾਅਦ, ਹੋਰ ਜਾਂਚਾਂ ਦੀ ਲੋੜ ਨਹੀਂ ਰਹਿੰਦੀ।

ਹਾਲਾਂਕਿ, ਕੁਝ ਮੌਤਾਂ ਦੇ ਲਈ, ਕਈ ਜਾਂਚਾਂ ਦੀ ਜ਼ਰੂਰਤ ਹੋ ਸਕਦੀ ਹੈ ਜਿਸਦੀ ਚਰਚਾ ਅਸੀਂ ਇੱਥੇ ਚਰਚਾ ਕਰਾਂਗੇ। ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਕੋਰੋਨਰ ਦੀ ਜਾਂਚ (ਪੰਨਾ 7 ਵੇਖੋ)
- ਇੱਕ ਪੋਸਟਮਾਰਟਮ ਜਾਂਚ (ਪੰਨਾ 8 ਵੇਖੋ)
- ਇੱਕ ਸਾਂਝੀ ਏਜੰਸੀ ਦੀ ਪ੍ਰਤੀਕਿਰਿਆ (ਪੰਨਾ 10 ਵੇਖੋ)
- NHS ਮਰੀਜ਼ ਸੁਰੱਖਿਆ ਘਟਨਾ ਜਾਂਚ (ਪੰਨਾ 11 ਵੇਖੋ)।
- ਜਣੇਪਾ ਅਤੇ ਨਵਜੰਮੇ ਬੱਚੇ ਦੀ ਸੁਰੱਖਿਆ ਜਾਂਚ (ਪੰਨਾ 11 ਵੇਖੋ)

ਤੁਹਾਡੇ ਬੱਚੇ ਦੀ ਮੌਤ ਦੇ ਵਿਅਕਤੀਗਤ ਹਾਲਾਤਾਂ ਦੇ ਆਧਾਰ 'ਤੇ ਕਿਹੜੀਆਂ ਜਾਂਚਾਂ ਜ਼ਰੂਰੀ ਹਨ, ਇਹ ਵੱਖ-ਵੱਖ ਹੋ ਸਕਦੀਆਂ ਹਨ। ਕਈ ਵਾਰ ਇੱਕੋ ਹੀ ਸਮੇਂ ਵਿੱਚ ਇੱਕ ਤੋਂ ਵੱਧ ਜਾਂਚਾਂ ਹੋ ਸਕਦੀਆਂ ਹਨ।

## ਜਾਂਚ ਵਿੱਚ ਕਿੰਨਾ ਸਮਾਂ ਲੱਗੇਗਾ?

ਜਾਂਚ ਦੇ ਲਈ ਸਿਫ਼ਾਰਸ਼ ਕੀਤੇ ਗਏ ਸਮਾਂ-ਸੀਮਾਵਾਂ ਹਨ, ਪਰ ਵੱਖ-ਵੱਖ ਕਾਰਨਾਂ ਕਰਕੇ ਦੇਰੀ ਹੋ ਸਕਦੀ ਹੈ ਪੋਸਟਮਾਰਟਮ ਜਾਂਚ ਦੀ ਰਿਪੋਰਟ ਛੇ ਤੋਂ ਬਾਰਾਂ ਮਹੀਨਿਆਂ ਦੇ ਅੰਦਰ ਜਾਰੀ ਕੀਤੀ ਜਾਣੀ ਚਾਹੀਦੀ ਹੈ, ਪਰ ਇਸ ਵਿੱਚ ਹੋਰ ਸਮਾਂ ਲੱਗ ਸਕਦਾ ਹੈ; ਅਤੇ ਕੋਰੋਨਰ ਦੀ ਜਾਂਚ ਛੇ ਮਹੀਨਿਆਂ ਦੇ ਅੰਦਰ ਪੂਰੀ ਹੋਣੀ ਚਾਹੀਦੀ ਹੈ। ਬਦਕਿਸਮਤੀ ਨਾਲ, ਕੁਝ ਹਾਲਾਤਾਂ ਵਿੱਚ ਇਸ ਵਿੱਚ ਵੱਧ ਸਮਾਂ ਲੱਗ ਸਕਦਾ ਹੈ। ਤੁਹਾਡੇ ਮੁੱਖ ਕਾਰਕੁਨ ਜਾਂ ਕੋਰੋਨਰ ਦੇ ਅਧਿਕਾਰੀ ਨੂੰ ਅਨੁਮਾਨਿਤ ਸਮਾਂ-ਸੀਮਾ ਬਾਰੇ ਜ਼ਿਆਦਾ ਪਤਾ ਹੋਣਾ ਚਾਹੀਦਾ ਹੈ। ਇਸ ਦੌਰਾਨ, ਤੁਸੀਂ ਇਸ ਗਾਈਡ ਦੇ ਅੰਤ ਵਿੱਚ ਸੂਚੀਬੱਧ ਸੰਗਠਨਾਂ ਵਿੱਚੋਂ ਕਿਸੇ ਇੱਕ ਤੋਂ ਸਹਾਇਤਾ ਪ੍ਰਾਪਤ ਕਰਨਾ ਚਾਹ ਸਕਦੇ ਹੋ।

## ਤੁਹਾਡੇ ਬੱਚੇ ਦੀ ਪਹੁੰਚ ਰਿਕਾਰਡ

ਤੁਹਾਡੇ ਬੱਚੇ ਦੀ ਮੌਤ ਦੇ ਹਾਲਾਤਾਂ ਬਾਰੇ ਜਿੰਨਾ ਸੰਭਵ ਹੋ ਸਕੇ ਉਸਨੂੰ ਸਮਝਣ ਲਈ, ਸਿਹਤ ਅਤੇ ਸਮਾਜਿਕ ਦੇਖਭਾਲ ਪੇਸ਼ੇਵਰਾਂ ਤੋਂ ਵੱਖ-ਵੱਖ ਕਿਸਮਾਂ ਦੇ ਰਿਕਾਰਡਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਕੁਝ ਹਾਲਤਾਂ ਵਿੱਚ ਤੁਹਾਡੀ ਲਿਖਤੀ ਸਹਿਮਤੀ ਦੀ ਜ਼ਰੂਰਤ ਪਹਿ ਸਕਦੀ ਹੈ, ਅਤੇ ਹੋਰ ਸਥਿਤੀਆਂ ਵਿੱਚ ਜਾਣਕਾਰੀ ਸਾਂਝੀ ਕਰਨ ਦੇ ਕਾਨੂੰਨੀ ਫਰਜ਼ ਹੈ। ਜੇਕਰ ਤੁਹਾਨੂੰ ਡੇਟਾ ਸਾਂਝਾ ਕਰਨ ਅਤੇ ਰਿਕਾਰਡਾਂ ਤੱਕ ਪਹੁੰਚ ਦੇ ਬਾਰੇ ਹੋਰ ਜਾਣਕਾਰੀ ਦੀ ਜ਼ਰੂਰਤ ਹੈ ਤਾਂ ਆਪਣੇ ਮੁੱਖ ਕਾਰਕੁਨ ਨਾਲ ਇਸ ਬਾਰੇ ਗੱਲ ਕਰੋ।

## ਕੋਰੋਨਰ ਕੀ ਕਰਦਾ ਹੈ

ਇੱਕ ਕੋਰੋਨਰ ਉਹ ਵਿਅਕਤੀ ਹੁੰਦਾ ਹੈ ਜੋ ਕੁਝ ਖਾਸ ਕਿਸਮਾਂ ਦੀਆਂ ਮੌਤਾਂ ਦੀ ਜਾਂਚ ਕਰਦਾ ਹੈ। ਕੀ ਕੋਰੋਨਰ ਸ਼ਾਮਲ ਹੈ ਇਹ ਇਸ ਗੱਲ ਇਸ ਤੇ ਨਿਰਭਰ ਕਰਦਾ ਹੈ ਕਿ ਮੌਤ ਨੂੰ 'ਕੁਦਰਤੀ' ਮੰਨਿਆ ਜਾਂਦਾ ਹੈ ਜਾਂ ਨਹੀਂ। ਇਹ ਸ਼ਬਦ ਕੋਰੋਨਰ ਦੁਆਰਾ ਵਰਤਿਆ ਜਾਂਦਾ ਹੈ। 'ਕੁਦਰਤੀ' ਮੌਤ ਦੇ ਕਾਰਨਾਂ ਵਿੱਚ ਬਹੁਤ ਜ਼ਿਆਦਾ ਅਕਾਲ ਜਨਮ (ਜਦੋਂ ਬੱਚਾ ਗਰਭ ਅਵਸਥਾ ਵਿੱਚ ਬਹੁਤ ਜਲਦੀ ਪੈਦਾ ਹੁੰਦਾ ਹੈ) ਜਾਂ ਸੰਕਰਮਣ ਸ਼ਾਮਲ ਹੋ ਸਕਦੇ ਹਨ। ਵਾਹਨਾਂ ਦੀ ਟੱਕਰ ਅਤੇ ਖੁਦਕੁਸ਼ੀ ਵਰਗੇ ਕਾਰਨਾਂ ਕਰਕੇ ਹੋਣ ਵਾਲੀਆਂ ਮੌਤਾਂ ਨੂੰ ਕੋਰੋਨਿਅਲ ਦ੍ਰਿਸ਼ਟੀਕੋਣ ਤੋਂ 'ਕੁਦਰਤੀ' ਨਹੀਂ ਮੰਨਿਆ ਜਾਵੇਗਾ। ਜੇਕਰ ਤੁਹਾਡੇ ਬੱਚੇ ਦੀ ਮੌਤ ਦਾ ਕਾਰਨ 'ਕੁਦਰਤੀ' ਨਹੀਂ ਮੰਨਿਆ ਜਾਂਦਾ ਹੈ, ਜਾਂ ਅਣਜਾਣ ਹੈ, ਜਾਂ ਜੇਕਰ ਤੁਹਾਡੇ ਬੱਚੇ ਦੀ ਮੌਤ ਉਦੋਂ ਹੋਈ ਜਦੋਂ ਉਹ ਰਾਜ ਦੀ ਹਿਰਾਸਤ ਵਿੱਚ ਸਨ (ਉਦਾਹਰਣ ਦੇ ਲਈ ਮਾਨਸਿਕ ਸਿਹਤ ਅਨੁਭਵ ਦੇ ਅਧੀਨ), ਤਾਂ ਕਾਨੂੰਨ ਦੇ ਅਨੁਸਾਰ ਮੌਤ ਦੀ ਸੂਚਨਾ ਕੋਰੋਨਰ ਅਤੇ ਪੁਲਿਸ ਨੂੰ ਦੇਣੀ ਪਵੇਗੀ।

ਕੋਰੋਨਰ ਆਮ ਤੌਰ ਤੇ ਅਚਾਨਕ ਹੋਈਆਂ ਮੌਤਾਂ ਦੇ ਲਈ ਪੋਸਟਮਾਰਟਮ ਜਾਂਚ ਦਾ ਪ੍ਰਬੰਧ ਕਰਦਾ ਹੈ, ਜਿਸਨੂੰ ਇੱਕ ਮਾਹਰ ਡਾਕਟਰ ਦੁਆਰਾ ਕੀਤਾ ਜਾਵੇਗਾ ਜਿਸਨੂੰ ਪੈਥੋਲੋਜਿਸਟ ਜਾਂ ਬੱਚਿਆਂ ਦੇ ਲਈ ਜਣੇਪੇ ਸੰਬੰਧੀ ਰੋਗ ਵਿਗਿਆਨੀ ਕਿਹਾ ਜਾਂਦਾ ਹੈ। ਜੇ ਮੌਤ ਦਾ ਕਾਰਨ ਅਨਿਸ਼ਚਿਤ ਰਹਿੰਦਾ ਹੈ ਜਾਂ ਮੌਤ ਦੇ ਕਾਰਨ ਨੂੰ 'ਕੁਦਰਤੀ' ਨਹੀਂ ਮੰਨਿਆ ਜਾਂਦਾ, ਤਾਂ ਪੋਸਟਮਾਰਟਮ ਜਾਂਚ ਤੋਂ ਬਾਅਦ ਇਨਕੁਏਸਟ ਕੀਤੀ ਜਾਂਦੀ ਹੈ।

ਕੋਰੋਨਰ ਪ੍ਰਕਿਰਿਆ ਦੀ ਸ਼ੁਰੂਆਤ ਵਿੱਚ ਇਨਕਵੇਸਟ ਸ਼ੁਰੂ ਕਰ ਸਕਦਾ ਹੈ ਜਾਂ ਜਾਂਚ ਕਰਨ ਦਾ ਫੈਸਲਾ ਕਰ ਸਕਦਾ ਹੈ, ਜਿਸਦਾ ਮਤਲਬ ਹੈ ਕਿ ਇੱਕ ਰਸਮੀ ਇਨਕਵੇਸਟ ਸੁਣਵਾਈ ਦੀ ਲੋੜ ਨਹੀਂ ਪੈ ਸਕਦੀ। ਜਾਂਚ ਜਾਂ ਪੜਤਾਲ ਬੰਦ ਹੋਣ ਵਿੱਚ ਕਈ ਮਹੀਨੇ ਲੱਗ ਸਕਦੇ ਹਨ। ਪੜਤਾਲ ਬਾਰੇ ਹੋਰ ਜਾਣਕਾਰੀ ਇਸ ਗਾਈਡ ਦੇ ਪੰਨਾ 9 ਅਤੇ 10 'ਤੇ ਦਿੱਤੀ ਗਈ ਹੈ। ਤੁਸੀਂ ਆਪਣੇ ਕੋਰੋਨਰ ਦੇ ਦਫ਼ਤਰ ਤੋਂ **ਸ਼ੋਕਗ੍ਰਸਤ ਲੋਕਾਂ ਲਈ ਕੋਰੋਨਰ ਸੇਵਾਵਾਂ ਲਈ ਇੱਕ ਗਾਈਡ** ਨਾਮਕ ਪਰਚਾ ਮੰਗਣਾ ਚਾਹ ਸਕਦੇ ਹੋ, ਜਿਸ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਕੋਰੋਨਰ ਅਤੇ ਉਨ੍ਹਾਂ ਦੇ ਅਧਿਕਾਰੀ ਕੀ ਕਰਦੇ ਹਨ ਅਤੇ ਜੇ ਇਨਕਵੇਸਟ ਕੀਤੀ ਜਾਣੀ ਹੋਵੇ ਤਾਂ ਉਸ ਦੌਰਾਨ ਕੀ ਹੁੰਦਾ ਹੈ। ਇਹ **ਨਿਆਂ ਮੰਤਰਾਲੇ ਦੀ ਵੈੱਬਸਾਈਟ** ਤੋਂ ਡਾਊਨਲੋਡ ਕਰਨ ਲਈ ਵੀ ਉਪਲਬਧ ਹੈ।

# ਪੋਸਟਮਾਰਟਮ ਜਾਂਚ ਅਤੇ ਪੈਥੋਲੋਜਿਸਟ ਦੀ ਭੂਮਿਕਾ

## ਪੋਸਟਮਾਰਟਮ ਜਾਂਚ ਕੀ ਹੁੰਦੀ ਹੈ?

ਪੋਸਟਮਾਰਟਮ ਜਾਂਚ, ਜਿਸਨੂੰ ਆਟੋਪਸੀ ਵੀ ਕਿਹਾ ਜਾਂਦਾ ਹੈ, ਕਿਸੀ ਵਿਅਕਤੀ ਦੀ ਮੌਤ ਤੋਂ ਬਾਅਦ ਕੀਤੀ ਜਾਣ ਵਾਲੀ ਜਾਂਚ ਹੁੰਦੀ ਹੈ। ਬੱਚਿਆਂ ਲਈ ਪੋਸਟਮਾਰਟਮ ਜਾਂਚ ਅਜਿਹੇ ਪੈਥੋਲੋਜਿਸਟ ਦੁਆਰਾ ਕੀਤੀ ਜਾਣੀ ਚਾਹੀਦੀ ਹੈ ਜੋ ਨਵਜੰਮੇ ਬੱਚਿਆਂ ਅਤੇ ਬੱਚਿਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਬਿਮਾਰੀਆਂ ਅਤੇ ਸਥਿਤੀਆਂ ਵਿੱਚ ਮਾਹਰ ਹੋਵੇ।

## ਕੀ ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਤੁਹਾਡੇ ਬੱਚੇ ਦਾ ਪੋਸਟਮਾਰਟਮ ਕਰਵਾਇਆ ਜਾਵੇ?

ਜੇਕਰ ਤੁਹਾਡੇ ਬੱਚੇ ਦੀ ਮੌਤ ਦਾ ਮਸਲਾ ਕੋਰੋਨਰ ਕੋਲ ਭੇਜਿਆ ਗਿਆ ਹੈ, ਤਾਂ ਤੁਸੀਂ ਇਹ ਤਹਿ ਨਹੀਂ ਕਰ ਸਕਦੇ ਹੋ ਕਿ ਪੋਸਟਮਾਰਟਮ ਜਾਂਚ ਕੀਤੀ ਜਾਵੇ ਜਾਂ ਨਾ। ਹਾਲਾਂਕਿ, ਤੁਸੀਂ ਆਪਣੀਆਂ ਇੱਛਾਵਾਂ ਨਾਲ ਜੁੜੇ ਇੱਕ ਪ੍ਰਤੀਨਿਧਤਾ ਰੱਖ ਸਕਦੇ ਹੋ ਜਿਸ ਬਾਰੇ ਕੋਰੋਨਰ ਵਿਚਾਰ ਕਰ ਸਕਦਾ ਹੈ।

ਜੇਕਰ ਕੋਈ ਕੋਰੋਨਰ ਸ਼ਾਮਲ ਨਹੀਂ ਹੈ, ਤਾਂ ਪੋਸਟਮਾਰਟਮ ਜਾਂਚ ਸਿਰਫ਼ ਤੁਹਾਡੀ ਸਹਿਮਤੀ ਨਾਲ ਹੀ ਹੋ ਸਕਦੀ ਹੈ। ਤੁਹਾਨੂੰ ਸਿਹਤ ਕਾਰਕੁਨਆਂ ਨਾਲ ਚਰਚਾ ਕੀਤੀ ਜਾਣੀ ਚਾਹੀਦੀ ਹੈ ਇਹ ਤਹਿ ਕੀਤਾ ਜਾਵੇ ਕਿ ਪੋਸਟਮਾਰਟਮ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਲਈ ਸਹੀ ਫੈਸਲਾ ਹੈ ਜਾਂ ਨਹੀਂ।

## ਪੋਸਟਮੋਰਟਮ ਜਾਂਚ ਕਿਉਂ ਮਹੱਤਵਪੂਰਨ ਹੁੰਦੀ ਹੈ?

**ਪੋਸਟਮਾਰਟਮ ਜਾਂਚ ਹੋ ਸਕਦੀ ਹੈ ਤੁਹਾਡੇ ਬੱਚੇ ਦੀ ਮੌਤ ਦੇ ਕਾਰਣ ਨੂੰ ਸਮਝਣ ਵਿੱਚ ਮਦਦ ਕਰ ਸਕਦੀ ਹੈ**

ਪੋਸਟਮਾਰਟਮ ਜਾਂਚ ਹੇਠ ਲਿਖੇ ਕੰਮ **ਕਰ ਸਕਦੀ ਹੈ:**

- ਤੁਹਾਡੇ ਬੱਚੇ ਦੀ ਮੌਤ ਲਈ ਡਾਕਟਰੀ ਕਾਰਨ ਦਾ ਪਤਾ ਲਗਾਉਣ ਵਿੱਚ ਮਦਦ ਕਰੇ
- ਹੋਰ ਬਿਮਾਰੀਆਂ ਜਾਂ ਸਮੱਸਿਆਵਾਂ ਤੋਂ ਬਚੋ ਜਿਨ੍ਹਾਂ ਬਾਰੇ ਤੁਸੀਂ ਚਿੰਤਤ ਹੋ ਸਕਦੇ ਹੋ
- ਹੋਰ ਸਥਿਤੀਆਂ ਦੀ ਪਛਾਣ ਕਰੋ ਜਿਨ੍ਹਾਂ ਬਾਰੇ ਜਾਣਕਾਰੀ ਹੋਣਾ ਤੁਹਾਡੇ ਪਰਿਵਾਰ ਦੇ ਲਈ ਮਹੱਤਵਪੂਰਨ ਹੋ ਸਕਦਾ ਹੈ
- ਜਿਹਾ ਗਿਆਨ ਪ੍ਰਦਾਨ ਕਰੋ ਜਿਸਦੀ ਵਰਤੋਂ ਭਵਿੱਖ ਵਿੱਚ ਤੁਹਾਡੇ ਪਰਿਵਾਰ ਜਾਂ ਹੋਰ ਬੱਚਿਆਂ ਦੀ ਮਦਦ ਲਈ ਕੀਤੀ ਜਾ ਸਕੇ

ਕੁਝ ਮਾਮਲਿਆਂ ਵਿੱਚ, ਪੋਸਟਮਾਰਟਮ ਜਾਂਚ ਵਿੱਚ ਮੌਤ ਦਾ ਕਾਰਨ ਪੱਤਾ ਨਹੀਂ ਚੱਲ ਸਕਦਾ।

## ਪੋਸਟਮਾਰਟਮ ਜਾਂਚ ਦੌਰਾਨ ਤੁਹਾਡੇ ਬੱਚੇ ਨਾਲ ਕੀ ਹੁੰਦਾ ਹੈ?

ਜਦੋਂ ਪੋਸਟਮਾਰਟਮ ਜਾਂਚ ਦਾ ਆਦੇਸ਼ ਦਿੱਤਾ ਜਾਂਦਾ ਹੈ ਜਾਂ ਸਹਿਮਤੀ ਦਿੱਤੀ ਜਾਂਦੀ ਹੈ, ਤਾਂ ਇਹ ਜਲਦੀ ਹੋ ਜਾਂਦੀ ਹੈ, ਆਮ ਤੌਰ ਤੇ ਕੁਝ ਦਿਨਾਂ ਵਿੱਚ ਹੋ ਜਾਂਦੀ ਹੈ। ਤੁਹਾਡੇ ਬੱਚੇ ਨੂੰ ਕਿਸੇ ਹੋਰ ਹਸਪਤਾਲ ਵਿੱਚ ਲਿਜਾਣਾ ਜ਼ਰੂਰੀ ਹੋ ਸਕਦਾ ਹੈ ਜਿੱਥੇ ਮਾਹਰ ਬੱਚਿਆਂ ਦਾ ਰੋਗ ਵਿਗਿਆਨੀ ਸਥਿਤ ਹੈ।

ਪੋਸਟਮਾਰਟਮ ਜਾਂਚ ਦੇ ਦੌਰਾਨ ਰੋਗ ਵਿਗਿਆਨੀ ਸਾਰੇ ਮੁੱਖ ਅੰਗਾਂ ਦੀ ਜਾਂਚ ਕਰਦਾ ਹੈ ਅਤੇ ਅਜਿਹੇ ਕਾਰਨਾਂ ਦਾ ਪਤਾ ਲਗਾਉਂਦਾ ਹੈ ਜੋ ਮੌਤ ਦੇ ਕਾਰਨ ਦਾ ਸੰਕੇਤ ਦੇ ਸਕਦੇ ਹੈ।

ਇਹ ਜਾਂਚ ਨੂੰ ਸਾਵਧਾਨੀ ਨਾਲ ਕੀਤੀ ਜਾਂਦਾਂ ਹੈ ਜਿਵੇਂ ਤੁਹਾਡੇ ਬੱਚੇ ਦਾ ਆਪ੍ਰੇਸ਼ਨ ਹੋ ਰਿਹਾ ਹੋਵੇ। ਇਹ **ਵੀਡੀਓ** ਉਨ੍ਹਾਂ ਪਰਿਵਾਰਾਂ ਲਈ ਹੈ ਜਿਨ੍ਹਾਂ ਨੇ ਇਹ ਫੈਸਲਾ ਲੈਣਾ ਹੈ ਕਿ ਪੋਸਟਮਾਰਟਮ ਜਾਂਚ ਉਨ੍ਹਾਂ ਲਈ ਸਹੀ ਹੈ ਜਾਂ ਨਹੀਂ।

ਪੋਸਟਮਾਰਟਮ ਜਾਂਚ ਦੌਰਾਨ ਮਾਹਰ ਜਾਂਚ ਦੇ ਲਈ ਕਈ ਛੋਟੇ ਨਮੂਨੇ ਲੈਣ ਦੀ ਲੋੜ ਹੁੰਦੀ ਹੈ। ਇਹਨਾਂ ਨੂੰ 'ਬਲਾਕ ਅਤੇ ਸਲਾਈਡ' ਕਿਹਾ ਜਾ ਸਕਦਾ ਹੈ। ਤੁਹਾਨੂੰ ਪੁੱਛਿਆ ਜਾਵੇਗਾ ਕਿ ਜਾਂਚ ਪੂਰੇ ਹੋਣ ਤੋਂ ਬਾਅਦ ਤੁਸੀਂ ਇਹਨਾਂ ਨਮੂਨਿਆਂ ਨਾਲ ਕੀ ਕਰਨਾ ਚਾਹੁੰਦੇ ਹੋ। ਤੁਸੀਂ ਨਮੂਨਿਆਂ ਦੀ ਮੰਗ ਕਰ ਸਕਦੇ ਹੋ:

- ਤੁਹਾਨੂੰ ਵਾਪਸ ਕਰ ਦਿੱਤਾ ਗਿਆ (ਕੋਰੋਨਰ ਦਾ ਅਫਸਰ ਇਸ ਬਾਰੇ ਚਰਚਾ ਕਰ ਸਕੇਗਾ ਕਿ ਤੁਸੀਂ ਨਮੂਨਿਆਂ ਨਾਲ ਕੀ ਕਰ ਸਕਦੇ ਹੋ)
- ਤੁਹਾਡੇ ਬੱਚੇ ਦੇ ਮੈਡੀਕਲ ਰਿਕਾਰਡ ਦੇ ਹਿੱਸੇ ਵਜੋਂ, ਜਾਂ ਖੋਜ, ਭਵਿੱਖ ਦੀ ਜਾਂਚ ਜਾਂ ਹੋਰ ਉਦੇਸ਼ਾਂ ਵਿੱਚ ਵਰਤੋਂ ਲਈ ਤੁਹਾਡੀ ਸਹਿਮਤੀ ਨਾਲ, ਹਸਪਤਾਲ ਦੁਆਰਾ ਰੱਖੇ ਜਾ ਸਕਦੇ ਹਨ, ਜਾਂ
- ਹਸਪਤਾਲ ਦੁਆਰਾ ਸੰਵੇਦਨਸ਼ੀਲਤਾ ਨਾਲ ਨਿਪਟਾਏ ਕੀਤਾ ਗਿਆ।

ਕੁਝ ਮਾਪਿਆਂ ਨੂੰ ਇਹ ਜਾਣ ਕੇ ਦਿਲਾਸਾ ਮਿਲੀ ਹੈ ਕਿ ਉਨ੍ਹਾਂ ਦੇ ਬੱਚੇ ਦੇ ਟਿਸ਼ੂ ਖੋਜ ਵਿੱਚ ਮਦਦ ਕਰ ਸਕਦੇ ਹਨ, ਜਾਂ ਭਵਿੱਖ ਵਿੱਚ ਡਾਕਟਰੀ ਤਰੱਕੀ ਵਧੇਰੇ ਜਾਣਕਾਰੀ ਦੇ ਸਕਦੀ ਹੈ। ਮਨੁੱਖੀ ਟਿਸ਼ੂ ਅਧਿਕਾਰ (HTA) ਇਹ ਯਕੀਨੀ ਬਣਾਉਂਦੀ ਹੈ ਕਿ ਮਨੁੱਖੀ ਟਿਸ਼ੂ ਦੀ ਵਰਤੋਂ ਸੁਰੱਖਿਅਤ, ਨੈਤਿਕ ਰੂਪ ਵਿੱਚ ਅਤੇ ਸਹੀ ਸਹਿਮਤੀ ਨਾਲ ਕੀਤੀ ਜਾਵੇ। ਪੋਸਟਮਾਰਟਮ ਦੇ ਬਾਰੇ ਹੋਰ ਜਾਣਕਾਰੀ ਉਨ੍ਹਾਂ ਦੀ ਵੈੱਬਸਾਈਟ ਤੇ ਪ੍ਰਾਪਤ ਹੋ ਸਕਦੀ ਹੈ। ਟਿਸ਼ੂ ਧਾਰਨ ਬਾਰੇ ਪਰਿਵਾਰਾਂ ਲਈ ਇਹ ਵੀਡੀਓ ਤੁਹਾਡੀਆਂ ਚੋਣਾਂ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

ਪੋਸਟਮਾਰਟਮ ਜਾਂਚ ਹੋਣ ਤੋਂ ਬਾਅਦ ਅਤੇ, ਜਿੱਥੇ ਢੁਕਵਾਂ ਹੋਵੇ, ਕੋਰੋਨਰ ਨੇ ਇਜਾਜ਼ਤ ਦੇ ਦਿੱਤੀ ਹੋਵੇ, ਤੁਸੀਂ ਆਪਣੇ ਬੱਚੇ ਨੂੰ ਦੇਖ ਸਕਦੇ ਹੋ ਅਤੇ ਫੈਸਲਾ ਲੈ ਸਕਦੇ ਹੋ ਕਿ ਤੁਸੀਂ ਆਪਣੇ ਬੱਚੇ ਦੇ ਅੰਤਿਮ ਸੰਸਕਾਰ ਤੋਂ ਪਹਿਲਾਂ ਤੁਸੀਂ ਕਿੱਥੇ ਰੱਖਣਾ ਚਾਹੁੰਦੇ ਹੋ। ਇਸ ਵਿੱਚ ਘਰ ਜਾਂ ਧਰਮਸ਼ਾਲਾ ਵਰਗੇ ਕਿਸੇ ਹੋਰ ਜਗ੍ਹਾ ਤੇ ਕੁਝ ਸਮਾਂ ਬਿਤਾਉਣ ਦੀ ਸੰਭਾਵਨਾ ਸ਼ਾਮਲ ਹੈ। ਜੇਕਰ ਤੁਹਾਡੇ ਲਈ 24 ਘੰਟਿਆਂ ਦੇ ਅੰਦਰ ਅੰਤਿਮ ਸੰਸਕਾਰ ਕਰਨਾ ਮਹੱਤਵਪੂਰਨ ਹੈ, ਤਾਂ ਇਸ ਵਿੱਚ ਸ਼ਾਮਲ ਸਾਰੇ ਲੋਕ ਇਸਨੂੰ ਸੰਭਵ ਬਣਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕਰੇਗਾ, ਪਰ ਪੋਸਟਮਾਰਟਮ ਜਾਂਚ ਦੀ ਜ਼ਰੂਰਤ ਦਾ ਮਤਲਬ ਇਹ ਹੋ ਸਕਦਾ ਹੈ ਕਿ ਇਹ ਸੰਭਵ ਨਹੀਂ ਹੈ।

## ਪੋਸਟਮਾਰਟਮ ਜਾਂਚ ਦੇ ਨਤੀਜੇ

ਪੋਸਟਮਾਰਟਮ ਜਾਂਚ ਤੋਂ ਬਾਅਦ, ਰੋਗ ਵਿਗਿਆਨੀ ਨਤੀਜਿਆਂ ਤੇ ਇੱਕ ਰਿਪੋਰਟ ਲਿਖੇਗਾ। ਜੇਕਰ ਹੋਰ ਜਾਂਚਾਂ ਦੀ ਜ਼ਰੂਰਤ ਹੈ, ਤਾਂ ਇਹ ਇੱਕ ਸ਼ੁਰੂਆਤੀ ਰਿਪੋਰਟ ਹੋ ਸਕਦੀ ਹੈ। ਜੇਕਰ ਪੋਸਟਮਾਰਟਮ ਜਾਂਚ ਦਾ ਆਦੇਸ਼ ਹਸਪਤਾਲ ਦੁਆਰਾ ਦਿੱਤਾ ਗਿਆ ਸੀ (ਕੋਰੋਨਰ ਦੀ ਬਜਾਏ) ਤਾਂ ਨਤੀਜਿਆਂ ਬਾਰੇ ਗੱਲ ਕਰਨ ਦੀ ਪੇਸ਼ਕਸ਼ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਜੇਕਰ ਤੁਸੀਂ ਚਾਹੁੰਦੇ ਹੋ ਤਾਂ ਤੁਹਾਨੂੰ ਰਿਪੋਰਟ ਦੀ ਪੂਰੀ ਕਾਪੀ ਪ੍ਰਾਪਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਤੁਸੀਂ ਇਸ ਰਿਪੋਰਟ ਤੱਕ ਪਹੁੰਚ ਪ੍ਰਾਪਤ ਕਰਨ ਵਿੱਚ ਮਦਦ ਦੇ ਲਈ ਆਪਣੇ ਮੁੱਖ ਕਾਰਕੁਨ ਨੂੰ ਕਹਿ ਸਕਦੇ ਹੋ। ਇਹ ਰਿਪੋਰਟ ਆਮ ਤੌਰ ਤੇ ਬਹੁਤ 'ਡਾਕਟਰੀ' ਭਾਸ਼ਾ ਵਿੱਚ ਲਿਖੀ ਜਾਂਦੀ ਹੈ, ਅਤੇ ਇਹ ਤੁਹਾਡੇ ਮੁੱਖ ਕਾਰਕੁਨ ਲਈ ਮਦਦਗਾਰ ਹੋ ਸਕਦਾ ਹੈ ਕਿ ਉਹ ਤੁਹਾਡੇ ਨਾਲ ਇਸ ਨੂੰ ਪੜ੍ਹਨ ਲਈ ਇੱਕ ਡਾਕਟਰ ਦਾ ਪ੍ਰਬੰਧ ਕਰੇ।

ਕੋਰੋਨਰ ਦੇ ਪੋਸਟਮਾਰਟਮ ਇਮਤਿਹਾਨਾਂ ਦੇ ਲਈ, ਕੋਰੋਨਰ ਨੂੰ ਕੋਈ ਸ਼ੁਰੂਆਤੀ ਖੋਜ ਪ੍ਰਾਪਤ ਹੋਵੇਗੀ। ਜਿੱਥੇ ਸੰਭਵ ਹੋਵੇ, ਕੋਰੋਨਰ ਦੀ ਮਨਜ਼ੂਰੀ ਨਾਲ, ਤੁਹਾਨੂੰ ਇਹਨਾਂ ਨਤੀਜਿਆਂ ਦੇ ਬਾਰੇ ਕੁਝ ਜਾਣਕਾਰੀ ਦਿੱਤੀ ਜਾ ਸਕਦੀ ਹੈ। ਅੰਤਿਮ ਪੋਸਟਮਾਰਟਮ ਜਾਂਚ ਰਿਪੋਰਟ ਨੂੰ ਪੂਰਾ ਹੋਣ ਵਿੱਚ ਕਈ ਮਹੀਨੇ ਲੱਗ ਸਕਦੇ ਹਨ, ਜੋ ਕਿੱਤੇ ਜੀ ਜਾਂਚਾਂ ਦੀ ਗਿਣਤੀ ਅਤੇ ਕਿਸਮ ਤੇ ਨਿਰਭਰ ਕਰਦਾ ਹੈ। ਇਸ ਤੋਂ ਬਾਅਦ ਕੋਰੋਨਰ ਇਹ ਫੈਸਲਾ ਕਰੇਗਾ ਕਿ ਤੁਹਾਨੂੰ ਨਤੀਜੇ ਕਿਵੇਂ ਪਹੁੰਚਾਏ ਜਾਣ।

## ਕੋਰੋਨਰ ਦੀ ਜਾਂਚ

ਇਨਕੁਆਰੀ ਇੱਕ ਕਾਨੂੰਨੀ ਪੁੱਛ-ਗਿੱਛ ਹੈ:

- ਇਹ ਪੁਸ਼ਟੀ ਕਰੋ ਕਿ ਕਿਸਦੀ ਮੌਤ ਹੋਈ ਹੈ, ਕਦੋਂ ਅਤੇ ਕਿੱਥੇ, ਅਤੇ
- ਮੌਤ ਦੇ ਕਾਰਨ ਨੂੰ ਵਿਆਪਕ ਤੌਰ ਤੇ ਸਥਾਪਿਤ ਕਰੋ

ਇਸ ਵਿੱਚ ਦੋਸ਼ ਜਾਂ ਕਸੂਰ ਸ਼ਾਮਲ ਨਹੀਂ ਹਨ। ਜੇਕਰ ਕੋਰੋਨਰ ਨੂੰ ਲਗਦਾ ਹੈ ਕਿ ਇਸ ਨਾਲ ਭਵਿੱਖ ਵਿੱਚ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਵਿੱਚ ਮਦਦ ਮਿਲ ਸਕਦੀ ਹੈ, ਤਾਂ ਉਹ ਕਿਸੇ ਖਾਸ ਚਿੰਤਾ ਦੇ ਬਾਰੇ ਇਕ ਰਿਪੋਰਟ ਲਿਖ ਸਕਦਾ ਹੈ।

ਜੇਕਰ ਕੋਰੋਨਰ ਜਾਂਚ ਸੁਣਵਾਈ ਸੰਗਠਿਤ ਕਰਨ ਦਾ ਫੈਸਲਾ ਕਰਦਾ ਹੈ, ਤਾਂ ਤੁਹਾਨੂੰ ਇਸ ਦਾ ਵਿਵਰਣ ਦਿੱਤਾ ਜਾਵੇਗਾ ਕਿ ਇਹ ਕਦੋਂ ਅਤੇ ਕਿੱਥੇ ਹੋਵੇਗੀ। ਤੁਹਾਨੂੰ ਗਵਾਹ ਦੇ ਰੂਪ ਵਜੋਂ ਬੁਲਾਇਆ ਜਾ ਸਕਦਾ ਹੈ; ਅਜਿਹੀ ਸਥਿਤੀ ਵਿੱਚ ਤੁਹਾਨੂੰ ਜ਼ਰੂਰ ਹਾਜ਼ਰ ਹੋਣਾ ਚਾਹੀਦਾ ਹੈ। ਜੇਕਰ ਤੁਹਾਨੂੰ ਗਵਾਹ ਦੇ ਰੂਪ ਵਜੋਂ ਨਹੀਂ ਬੁਲਾਇਆ ਜਾਂਦਾ ਹੈ, ਤਾਂ ਤੁਸੀਂ ਚੁਣ ਸਕਦੇ ਹੋ ਕਿ ਹਾਜ਼ਰ ਹੋਣਾ ਹੈ ਜਾਂ ਨਹੀਂ। ਤੁਸੀਂ ਜਾਂਚ ਤੇ ਸਵਾਲ ਪੁੱਛ ਸਕਦੇ ਹੋ, ਅਤੇ ਤੁਹਾਨੂੰ ਸਵਾਲ ਪੁੱਛੇ ਜਾ ਸਕਦੇ ਹਨ। ਹੋਰ ਪੇਸ਼ੇਵਰ ਮੌਜੂਦ ਹੋ ਸਕਦੇ ਹਨ। ਜਾਂਚ ਜਨਤਾ ਲਈ ਖੁੱਲ੍ਹੀ ਹੈ ਅਤੇ ਪੱਤਰਕਾਰ ਮੌਜੂਦ ਹੋ ਸਕਦੇ ਹਨ। ਕੁਝ ਸਥਿਤੀਆਂ ਵਿੱਚ ਇੱਕ ਫੈਸਲਾ ਮੰਡਲ ਸ਼ਾਮਲ ਹੋ ਸਕਦੀ ਹੈ।

ਜੇਕਰ ਕੋਈ ਪੁੱਛਗਿੱਛ ਹੋਣ ਵਾਲੀ ਹੈ, ਤਾਂ ਤੁਸੀਂ ਕੋਰੋਨਰਸ ਅਦਾਲਤਾਂ ਸਹਾਇਤਾ ਸੇਵਾ ਤੋਂ ਹੋਰ ਸਹਾਇਤਾ ਪ੍ਰਾਪਤ ਕਰਨਾ ਚਾਹ ਸਕਦੇ ਹੋ ਜੋ ਇਸ ਗਾਈਡ ਦੇ ਅੰਤ ਵਿੱਚ ਸੂਚੀਬੱਧ ਹੈ।

# ਜਦੋਂ ਸਾਂਝੀਆਂ ਏਜੰਸੀਆਂ ਸ਼ਾਮਿਲ ਹੁੰਦੀਆਂ ਹਨ

## ਸਾਂਝੀ ਏਜੰਸੀ ਦੀ ਪ੍ਰਤੀਕਿਰਿਆ ਕੀ ਹੈ?

ਕੁਝ ਹਾਲਾਤਾਂ ਵਿੱਚ, ਜਿਵੇਂ ਕਿ ਜਦੋਂ ਮੌਤ ਦਾ ਕਾਰਨ ਤੁਰੰਤ ਸਪੱਸ਼ਟ ਨਹੀਂ ਹੁੰਦਾ ਹੈ, ਤਾਂ ਸਿਹਤ ਪੇਸ਼ੇਵਰ ਤੁਹਾਡੀ ਸਹਾਇਤਾ ਦੇ ਲਈ ਪੁਲਿਸ ਅਤੇ ਹੋਰ ਏਜੰਸੀਆਂ ਦੇ ਨਾਲ ਮਿਲ ਕੇ ਕੰਮ ਕਰਨਗੇ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰਨਗੇ ਕਿ ਤੁਹਾਡੇ ਬੱਚੇ ਦੀ ਮੌਤ ਕਿਵੇਂ ਅਤੇ ਕਿਉਂ ਹੋਈ। ਇਸਨੂੰ ਸਾਂਝੀ ਏਜੰਸੀ ਦੀ ਪ੍ਰਤੀਕਿਰਿਆ ਕਿਹਾ ਜਾਂਦਾ ਹੈ (ਕਈ ਵਾਰ 'ਤੁਰੰਤ ਪ੍ਰਤੀਕਿਰਿਆ' ਵੀ ਕਿਹਾ ਜਾਂਦਾ ਹੈ)।

**ਇੱਕ ਸਾਂਝੀ ਏਜੰਸੀ ਦੀ ਪ੍ਰਤੀਕਿਰਿਆ ਉਦੋਂ ਹੁੰਦੀ ਹੈ ਜਦੋਂ ਵੱਖ-ਵੱਖ ਏਜੰਸੀਆਂ ਦੇ ਪੇਸ਼ੇਵਰ ਇਕੱਠੇ ਕੰਮ ਕਰਦੇ ਹਨ**

## ਇਹ ਕਦੋਂ ਲਾਜ਼ਮੀ ਹੁੰਦਾ ਹੈ?

ਜੇਕਰ ਤੁਹਾਡੇ ਬੱਚੇ ਦੀ ਮੌਤ ਹੋ ਜਾਂਦੀ ਹੈ ਤਾਂ ਸਾਂਝੀ ਏਜੰਸੀ ਦੀ ਪ੍ਰਤੀਕ੍ਰਿਆ ਲੋੜੀਂਦਾ ਹੁੰਦੀ ਹੈ:

- ਬਾਹਰੀ ਕਾਰਨਾਂ ਕਰਕੇ ਹੋ ਸਕਦਾ ਹੈ (ਜਿਵੇਂ ਕਿ ਕੋਈ ਦੁਰਘਟਨਾਂ)
- ਇਹ ਅਚਾਨਕ ਹੁੰਦਾ ਹੈ ਅਤੇ ਇਸਦਾ ਤੁਰੰਤ ਕੋਈ ਸਪੱਸ਼ਟ ਕਾਰਨ ਨਹੀਂ ਹੁੰਦਾ ਹੈ
- ਹਿਰਾਸਤ ਵਿੱਚ ਹੁੰਦਾ ਹੈ ਜਾਂ ਜਿੱਥੇ ਬੱਚੇ ਨੂੰ ਮਾਨਸਿਕ ਸਿਹਤ ਧਾਰਾ ਦੇ ਤਹਿਤ ਹਿਰਾਸਤ ਵਿੱਚ ਲਿਆ ਗਿਆ ਸੀ
- ਜਿੱਥੇ ਸ਼ੁਰੂਆਤੀ ਹਾਲਾਤ ਕੋਈ ਸ਼ੱਕ ਪੈਦਾ ਕਰਦੇ ਹਨ ਕਿ ਮੌਤ ਕੁਦਰਤੀ ਨਹੀਂ ਹੋ ਸਕਦੀ, ਜਾਂ
- ਅਜਿਹੇਮਾਮਲੇ ਵਿੱਚ ਜਿੱਥੇ ਇੱਕ ਬੱਚੇ ਦਾ ਜਨਮ ਘਰ ਵਿੱਚ ਹੁੰਦਾ ਹੈ ਜਿੱਥੇ ਕੋਈ ਸਿਹਤ ਸੰਭਾਲ ਪੇਸ਼ੇਵਰ ਮੌਜੂਦ ਨਹੀਂ ਸੀ ਅਤੇ ਮੌਤ ਨੂੰ ਮਰੇ ਹੋਏ ਬੱਚੇ ਦੇ ਰੂਪ ਵਿੱਚ ਰਿਪੋਰਟ ਕੀਤਾ ਗਿਆ ਸੀ।

ਪੁਲਿਸ ਸਾਰੇ ਸੰਯੁਕਤ ਏਜੰਸੀ ਦੀ ਪ੍ਰਤੀਕਿਰਿਆਵਾਂ ਵਿੱਚ ਸ਼ਾਮਲ ਹੋਵੇਗੀ ਜਾਂ ਜਿੱਥੇ ਹੋਰ ਹਾਲਾਤ ਹਨ ਜਿਨ੍ਹਾਂ ਲਈ ਹੋਰ ਅਗੇ ਦੀ ਜਾਂਚ ਦੀ ਲੋੜ ਹੋ ਸਕਦੀ ਹੈ। ਇਸਦਾ ਭਾਵ ਇਹ ਨਹੀਂ ਹੈ ਕਿ ਤੁਸੀਂ ਸ਼ੱਕ ਦੇ ਘੇਰੇ ਵਿੱਚ ਹੋ; ਉਨ੍ਹਾਂ ਦੀ ਭੂਮਿਕਾ ਕੋਰੋਨਰ ਵੱਲੋਂ ਕਾਰਵਾਈ ਕਰਨਾ ਅਤੇ ਇਸ ਸੰਭਾਵਨਾ ਨੂੰ ਖਤਮ ਕਰਨਾ ਹੈ ਕਿ ਕੁਝ ਵੀ ਗੈਰ-ਕਾਨੂੰਨੀ ਹੋਇਆ ਹੈ।

ਸਾਂਝੀ ਏਜੰਸੀ ਦੀ ਪ੍ਰਤੀਕਿਰਿਆ ਦੇ ਤਿੰਨ ਮੁੱਖ ਪੜਾਅ ਹਨ:

1. ਤਤਕਾਲ ਪ੍ਰਤੀਕਿਰਿਆ: ਤੁਰੰਤ: ਤੁਹਾਡੇ ਬੱਚੇ ਨੂੰ ਆਮ ਤੌਰ ਤੇ ਦੁਰਘਟਨਾ ਅਤੇ ਐਮਰਜੈਂਸੀ ਵਿਭਾਗ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ। ਵੱਖ-ਵੱਖ ਪੇਸ਼ੇਵਰਾਂ, ਜਿਵੇਂ ਕਿ ਪੁਲਿਸ ਅਤੇ ਬਾਲ ਰੋਗ ਵਿਗਿਆਨੀ, ਵਿਚਕਾਰ ਸ਼ੁਰੂਆਤੀ ਬੈਠਕਾਂ ਹੁੰਦੀਆਂ ਹਨ, ਅਤੇ ਤੁਹਾਨੂੰ ਕੀ ਹੋਇਆ ਇਸ ਬਾਰੇ ਕੁਝ ਸਵਾਲ ਪੁੱਛੇ ਜਾਣਗੇ।
2. ਸ਼ੁਰੂਆਤੀ ਜਵਾਬ: ਆਮ ਤੌਰ ਤੇ ਪਹਿਲੇ ਹਫ਼ਤੇ ਦੇ ਅੰਦਰ: ਇਸ ਵਿੱਚ ਸ਼ਾਮਲ ਸਾਰੇ ਪੇਸ਼ੇਵਰ ਤੁਹਾਡੇ ਬੱਚੇ ਬਾਰੇ ਜਾਣਕਾਰੀ ਸਾਂਝੀ ਕਰਨਗੇ। ਜੇਕਰ ਤੁਹਾਡੇ ਬੱਚੇ ਦੀ ਮੌਤ ਘਰ ਤੋਂ ਦੂਰ ਹੋਈ ਹੈ, ਤਾਂ ਇਹ ਪੇਸ਼ੇਵਰ ਮੌਤ ਵਾਲੀ ਥਾਂ ਤੇ ਜਾ ਸਕਦੇ ਹਨ। ਜੇਕਰ ਤੁਹਾਡੇ ਬੱਚੇ ਦੀ ਮੌਤ ਘਰ ਵਿੱਚ ਹੋਈ ਹੈ, ਖਾਸ ਕਰਕੇ ਜੇ ਤੁਹਾਡਾ ਬੱਚਾ ਛੋਟਾ ਸੀ, ਤਾਂ ਆਪਣੇ ਘਰ ਮਿਲਣ ਲਈ ਭੇਜਿਆ ਜਾਵੇਗਾ। ਆਮ ਤੌਰ ਤੇ ਇਹ ਇੱਕ ਸਿਹਤ ਪੇਸ਼ੇਵਰ ਅਤੇ ਇੱਕ ਪੁਲਿਸ ਅਧਿਕਾਰੀ ਦੁਆਰਾ ਇੱਕ ਸਾਂਝੀ ਮੁਲਾਕਾਤ ਹੋਵੇਗੀ। ਉਹ ਤੁਹਾਡੇ ਬੱਚੇ ਦੀ ਮੌਤ ਤੋਂ ਪਹਿਲਾਂ ਅਤੇ ਬਾਅਦ ਵਿੱਚ ਕੀ ਹੋਇਆ ਸੀ ਇਸ ਬਾਰੇ ਸਵਾਲ ਪੁੱਛਣਗੇ।

3. ਬਾਅਦ ਵਿੱਚ ਜਵਾਬ: ਇੱਕ ਹਫ਼ਤੇ ਤੋਂ ਬਾਅਦ ਇਹ ਪੜਾਅ ਕਈ ਮਹੀਨਿਆਂ ਤੱਕ ਵਧ ਸਕਦਾ ਹੈ: ਜੇਕਰ ਜ਼ਰੂਰਤ ਹੋਵੇ ਤਾਂ ਹੋਰ ਪਿਛੋਕੜ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ, ਉਦਾਹਰਨ ਲਈ ਸਿਹਤ ਰਿਕਾਰਡ, ਜਣੇਪਾ ਅਤੇ ਨਵਜੰਮੇ ਬੱਚੇ ਦੇ ਨੋਟਸ ਜਾਂ ਹੋਰ ਸੰਬੰਧਿਤ ਜਾਣਕਾਰੀ। ਸਾਂਝੀ ਏਜੰਸੀ ਦੀ ਟੀਮ ਇਕੱਠੀ ਕੀਤੀ ਗਈ ਜਾਣਕਾਰੀ ਦੀ ਸਮੀਖਿਆ ਕਰਨ ਲਈ ਮੁਲਾਕਾਤ ਕਰੇਗੀ। ਉਹ ਆਪਣੀ ਜਾਂਚ ਲਈ ਕੋਰੋਨਰ ਨੂੰ ਜਾਣਕਾਰੀ ਪ੍ਰਦਾਨ ਕਰਨਗੇ, ਅਤੇ ਟੀਮ ਦੇ ਸੱਦਸ ਆਪਣੇ ਸਿੱਟਿਆਂ ਤੇ ਚਰਚਾ ਕਰਨ ਲਈ ਤੁਹਾਨੂੰ ਮਿਲਣ ਆਉਣਗੇ।

## NHS ਮਰੀਜ਼ ਸੁਰੱਖਿਆ ਘਟਨਾ ਦੀ ਜਾਂਚ

ਜੇਕਰ ਇਹ ਸੰਭਾਵਨਾ ਹੈ ਕਿ NHS ਦੁਆਰਾ ਤੁਹਾਡੇ ਬੱਚੇ ਨੂੰ ਪ੍ਰਦਾਨ ਕੀਤੀ ਗਈ ਦੇਖਭਾਲ ਵਿੱਚ ਕੁਝ ਗਲਤ ਹੋਇਆ ਹੈ, ਜਾਂ ਗਰਭ ਅਵਸਥਾ ਅਤੇ ਬੱਚੇ ਦੇ ਜਨਮ ਦੇ ਤੁਰੰਤ ਮੌਤ ਹੋ ਗਈ ਹੈ, ਤਾਂ ਇਹ ਗੱਲ ਤੇ ਸਹਿਮਤੀ ਹੋ ਸਕਦੀ ਹੈ ਕਿ ਮਰੀਜ਼ ਸੁਰੱਖਿਆ ਘਟਨਾ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ NHS ਜੋ ਕੁੱਝ ਹੋਇਆ ਉਸ ਤੋਂ ਸਿੱਖ ਸਕੇ। ਜੇਕਰ ਤੁਹਾਨੂੰ ਇਹ ਲਗਦਾ ਹੈ ਕਿ ਤੁਹਾਡੇ ਬੱਚੇ ਨੂੰ (ਜਾਂ ਗਰਭ ਅਵਸਥਾ ਅਤੇ ਜਣੇਪੇ ਦੌਰਾਨ ਤੁਹਾਨੂੰ) ਪ੍ਰਦਾਨ ਕੀਤੀ ਗਈ ਦੇਖਭਾਲ ਵਿੱਚ ਕੁਝ ਗਲਤ ਹੋਇਆ ਹੈ ਅਤੇ ਇਸਦਾ ਉਸਦੀ ਦੀ ਮੌਤ ਤੇ ਪ੍ਰਭਾਵ ਪੈ ਸਕਦਾ ਹੈ, ਜਾਂ ਪਿਆ ਹੈ, ਤਾਂ ਤੁਹਾਨੂੰ ਸੰਗਠਨ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਤੁਹਾਡੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ, ਪਰ ਉਨ੍ਹਾਂ ਨੂੰ ਆਪਣਾ ਜਵਾਬ ਸਮਝਾਉਣਾ ਪਵੇਗਾ। **Sands ਨੇ ਇੱਕ ਦਸਤਾਵੇਜ਼ ਤਿਆਰ ਕੀਤਾ ਹੈ** ਤੁਹਾਨੂੰ ਇਹ ਸਮਝਾਉਣ ਵਿੱਚ ਮਦਦ ਕਰਨ ਲਈ ਕਿ ਤੁਸੀਂ ਆਪਣੀ ਦੇਖਭਾਲ ਬਾਰੇ ਚਿੰਤਾਵਾਂ ਕਿਵੇਂ ਉਠਾ ਸਕਦੇ ਹੋ ਜਾਂ ਸ਼ਿਕਾਇਤ ਕਿਵੇਂ ਕਰ ਸਕਦੇ ਹੋ।

ਮਰੀਜ਼ ਸੁਰੱਖਿਆ ਘਟਨਾ ਦੀ ਜਾਂਚ ਸੰਸਥਾ ਦੇ ਅੰਦਰ ਸਿਖਲਾਈ ਪ੍ਰਾਪਤ ਜਾਂਚਕਰਤਾਵਾਂ ਦੁਆਰਾ ਕੀਤੀ ਜਾਂਦੀ ਹੈ, ਜੋ ਕਿ ਕੀ ਹੋਇਆ ਅਤੇ ਕਿਉਂ ਹੋਇਆ, ਇਸੇ ਨੂੰ ਪੂਰੀ ਤਰ੍ਹਾਂ ਸਮਝਣ ਲਈ ਕਈ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰਦੇ ਹਨ। ਅਜਿਹੀਆਂ ਜਾਂਚਾਂ ਮੌਤ ਦੇ ਕਾਰਨ ਤਹਿ ਨਹੀਂ ਕਰਦੇ ਹਨ ਅਤੇ ਇਸਦਾ ਉਦੇਸ਼ ਇਹ ਤਹਿ ਕਰਨਾ ਨਹੀਂ ਹੈ ਕਿ ਕੋਈ ਮੌਤ ਲਈ ਕਿੱਸੇ ਨੂੰ ਦੋਸ਼ੀ ਠਹਿਰਾਇਆ ਜਾਵੇ ਜਾਂ ਨਹੀਂ। ਉਹ NHS ਸੰਗਠਨਾਂ ਨੂੰ ਇਹ ਸਿੱਖਣ ਵਿੱਚ ਮਦਦ ਕਰਦੀਆਂ ਹਨ ਕਿ ਦੁਬਾਰਾ ਹੋਣ ਵਾਲੇ ਨੁਕਸਾਨ ਦੇ ਜੋਖਮ ਨੂੰ ਕਿਵੇਂ ਘਟਾਉਣਾ ਹੈ।

## NHS ਮਮਰੀਜ਼ ਸੁਰੱਖਿਆ ਘਟਨਾ ਜਾਂਚ ਦੇ ਦੌਰਾਨ ਕੀ ਹੁੰਦਾ ਹੈ

ਤੁਹਾਨੂੰ ਸ਼ੁਰੂ ਤੋਂ ਪੂਰੀ ਪ੍ਰਕਿਰਿਆ ਬਾਰੇ ਸੂਚਿਤ ਰਹਿਣ ਅਤੇ ਇਸ ਵਿੱਚ ਸ਼ਾਮਲ ਹੋਣਾ, ਅਤੇ ਅੰਤਿਮ ਰਿਪੋਰਟ ਦੇਖਣ ਦਾ ਅਧਿਕਾਰ ਹੈ। ਜਾਂਚ ਨੂੰ ਪੂਰਾ ਕਰਨ ਵਿੱਚ 6 ਮਹੀਨੇ ਤੋਂ ਵੱਧ ਸਮਾਂ ਨਹੀਂ ਲੱਗਣਾ ਚਾਹੀਦਾ, ਪਰ ਜੇ ਮਾਮਲੇ ਜਟਿਲ ਹੋਣ ਤਾਂ ਇਹ ਹੋਰ ਸਮਾਂ ਲੈ ਸਕਦੀ ਹੈ।

ਉਨ੍ਹਾਂ ਬੱਚਿਆਂ ਲਈ ਜੋ ਗਰਭ ਅਵਸਥਾ ਦੌਰਾਨ (37 ਹਫ਼ਤੇ ਜਾਂ ਇਸ ਤੋਂ ਵੱਧ) ਪੈਦਾ ਹੋਏ ਸੀ, ਅਤੇ ਜਣੇਪੇ ਦੀ ਸ਼ੁਰੂਆਤ ਵੇਲੇ ਜ਼ਿੰਦਾ ਸਨ, ਪਰ ਜੀਵਨ ਦੇ ਪਹਿਲੇ ਹਫ਼ਤੇ ਦੇ ਅੰਦਰ ਮਰ ਗਏ ਸਨ, ਗੰਭੀਰ ਘਟਨਾ ਦੀ ਜਾਂਚ ਜਣੇਪਾ ਅਤੇ ਨਵਜੰਮੇ ਬੱਚੇ ਦੀ ਸੁਰੱਖਿਆ ਜਾਂਚ (MNSI) ਪ੍ਰੋਗਰਾਮ ਦੀ ਜ਼ਿੰਮੇਵਾਰੀ ਹੋਵੇਗੀ। ਇਹ ਇੱਕ ਬਾਹਰੀ ਜਾਂਚ ਹੈ, ਜਿਸਦਾ ਮਤਲਬ ਹੈ ਕਿ ਇਹ ਉਸ ਹਸਪਤਾਲ ਦੁਆਰਾ ਨਹੀਂ ਕੀਤੀ ਜਾਂਦੀ ਹੈ ਜਿੱਥੇ ਤੁਹਾਡੇ ਬੱਚੇ ਦੀ ਮੌਤ ਹੋਈ ਸੀ। MNSI ਜਾਂਚ ਸਿਰਫ਼ ਤਾਂ ਹੀ ਹੋਵੇਗੀ ਜੇਕਰ ਤੁਸੀਂ ਇਸ ਲਈ ਸਹਿਮਤੀ ਦਿੰਦੇ ਹੋ। ਨਹੀਂ ਤਾਂ, ਤੁਹਾਡੇ ਬੱਚੇ ਦੀ ਮੌਤ ਦੀ ਜਾਂਚ ਉਸ ਹਸਪਤਾਲ ਦੁਆਰਾ ਕੀਤੀ ਜਾਵੇਗੀ ਜਿੱਥੇ ਤੁਹਾਡੇ ਬੱਚੇ ਦੀ ਮੌਤ PSII ਦੀ ਵਰਤੋਂ ਕਰਕੇ ਹੋਈ ਸੀ। ਤੁਹਾਨੂੰ MNSI ਜਾਂ PSII ਦੋਵਾਂ ਜਾਂਚਾਂ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਹੈ।

ਜਾਂਚ ਦੇ ਅੰਤ ਵਿੱਚ ਇੱਕ ਰਿਪੋਰਟ ਦੱਸਦੀ ਹੈ ਕਿ ਕੀ ਹੋਇਆ ਅਤੇ ਕਿਉਂ (ਜਿੱਥੋਂ ਤੱਕ ਸੰਭਵ ਹੋ ਸਕੇ, ਉਪਲਬਧ ਸਬੂਤਾਂ ਦੇ ਅਧਾਰ ਤੇ) ਅਤੇ ਭਵਿੱਖ ਵਿੱਚ ਨੁਕਸਾਨ ਦੇ ਜੋਖਮ ਨੂੰ ਘਟਾਉਣ ਲਈ NHS ਸੰਗਠਨ ਨੂੰ ਕੀਤੀ ਜਾਣ ਵਾਲੀ ਕਿਸੇ ਵੀ ਭਵਿੱਖੀ ਕਾਰਵਾਈ ਲਈ ਸਿਫ਼ਾਰਸ਼ਾਂ ਕਰਨੀ ਚਾਹੀਦੀ ਹੈ। ਇਹ ਰਿਪੋਰਟ ਤੁਹਾਡੇ ਨਾਲ ਸਾਂਝੀ ਕੀਤੀ ਜਾਣੀ ਚਾਹੀਦੀ ਹੈ ਅਤੇ ਹਸਪਤਾਲ ਦੇ ਕਾਰਕੁਨਆਂ ਨਾਲ ਇੱਕ ਬੈਠਕ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਤੇ ਵਿਚਾਰ ਕੀਤਾ ਜਾ ਸਕੇ ਅਤੇ ਕਿਸੇ ਵੀ ਸਵਾਲ ਦਾ ਜਵਾਬ ਦਿੱਤਾ ਜਾ ਸਕੇ ਜਾਂ ਜੋ ਕੁਝ ਸੱਮਝ ਨਾ ਆਵੇ ਉਸਨੂੰ ਸਮਝਾਇਆ ਜਾ ਸਕੇ।

ਇਹ ਲਿੰਕ ਇਸ ਬਾਰੇ ਹੋਰ ਜਾਣਕਾਰੀ **ਮਰੀਜ਼ ਸੁਰੱਖਿਆ ਘਟਨਾ ਪ੍ਰਤੀਕਿਰਿਆ ਢਾਂਚਾ** ਤੇ ਰਦਾਨ ਕਰਦਾ ਹੈ

ਤੁਸੀਂ ਬਾਰੇ ਹੋਰ ਜਾਣਕਾਰੀ ਲੱਭ ਸਕਦੇ ਹੋ**ਉਹਨਾਂ ਦੀਆਂ MNSI ਜਾਂਚਾਂ ਉੱਤੇਵੈੱਬਸਾਈਟ**

# ਬਾਲ ਮੌਤ ਸਮੀਖਿਆ ਦਾਸਿੱਟਾ

## ਜਨਮ ਤੋਂ ਤੁਰੰਤ ਬਾਅਦ ਬੱਚੇ ਦੀ ਮੌਤ ਦੀ ਸਮੀਖਿਆ

ਜਨਮ ਤੋਂ ਤੁਰੰਤ ਬਾਅਦ ਮਰਨ ਵਾਲੇ ਬੱਚਿਆਂ ਦੀਆਂ ਮੌਤਾਂ ਦੀ ਸਮੀਖਿਆਵਾਂ ਦੀ ਗੁਣਵੱਤਾ ਨੂੰ ਸੁਧਾਰਣ ਲਈ ਨੈਸ਼ਨਲ **ਪੇਰੀਨੈਟਲ ਮੋਰਟੈਲਿਟੀ ਰਿਵਿਊ ਟੂਲ** (PMRT) ਨਾਮਕ ਇੱਕ ਉਪਕਰਨ ਵਿਕਸਤ ਕੀਤਾ ਗਿਆ ਹੈ। PMRT ਨੂੰ ਇਸ ਤਰ੍ਹਾਂ ਡਿਜ਼ਾਇਨ ਕੀਤਾ ਗਿਆ ਹੈ ਕਿ ਗਰਭ ਅਵਸਥਾ ਅਤੇ ਜਣੇਪੇ ਦੌਰਾਨ ਮਾਂ ਦੀ ਦੇਖਭਾਲ ਅਤੇ ਜਨਮ ਤੋਂ ਬਾਅਦ ਬੱਚੇ ਦੀ ਦੇਖਭਾਲ ਦੀ ਇੱਕ ਉੱਚ-ਗੁਣਵੱਤਾ ਵਾਲੀ, ਮਿਆਰੀ ਸਮੀਖਿਆ ਕੀਤੀ ਜਾਵੇ। PMRT ਇੱਕ ਗੱਲਬਾਤ, ਵੈੱਬ-ਅਧਾਰਿਤ ਉਪਕਰਨ ਹੈ ਜੋ ਸਮੀਖਿਆ ਪ੍ਰਕਿਰਿਆ ਦਾ ਮਾਰਗਦਰਸ਼ਨ ਕਰਦਾ ਹੈ ਕਿ ਦੇਖਭਾਲ ਦੇ ਸਾਰੇ ਪਹਿਲੂਆਂ ਤੇ ਵਿਚਾਰ ਕੀਤਾ ਜਾਵੇ ਅਤੇ ਰਾਸ਼ਟਰੀ ਦਿਸ਼ਾ-ਨਿਰਦੇਸ਼ਾਂ ਅਤੇ ਮਿਆਰਾਂ ਦੇ ਅਨੁਸਾਰ ਸਮੀਖਿਆ ਕੀਤੀ ਜਾਵੇ।

ਸਮੀਖਿਆ ਦੀ ਅਗਵਾਈ ਉਸ ਹਸਪਤਾਲ ਦੁਆਰਾ ਕੀਤੀ ਜਾਂਦੀ ਹੈ ਜਿੱਥੇ ਬੱਚੇ ਦੀ ਮੌਤ ਹੋਈ ਅਤੇ ਪਛਾਣਯੋਗ ਜਾਣਕਾਰੀ ਦੀ ਵਰਤੋਂ PMRT ਵਿੱਚ ਕੀਤਾ ਜਾਂਦਾ ਹੈ। PMRT ਦੁਆਰਾ ਤਿਆਰ ਕੀਤੀ ਗਈ ਸਮੀਖਿਆ ਦੀ ਰਿਪੋਰਟ ਡਾਕਟਰੀ ਰਿਕਾਰਡਾਂ ਵਿੱਚ ਸ਼ਾਮਲ ਕੀਤੀ ਜਾਂਦੀ ਹੈ ਅਤੇ ਮਾਪਿਆਂ ਦੇ ਨਾਲ ਅਗੇ ਆਉਣ ਵਾਲੀ ਬੈਠਕ ਵਿੱਚ ਚਰਚਾ ਦੇ ਆਧਾਰ ਵਜੋਂ ਵਰਤੀ ਜਾਂਦੀ ਹੈ।

## ਤੁਹਾਡੇ ਬੱਚੇ ਦੀ ਮੌਤ ਬਾਰੇ ਸਥਾਨਕ ਚਰਚਾਵਾਂ – ਬਾਲ ਮੌਤ ਸਮੀਖਿਆ ਬੈਠਕ

ਤੁਹਾਡੇ ਬੱਚੇ ਦੀ ਮੌਤ ਤੋਂ ਪਹਿਲਾਂ ਅਤੇ ਬਾਅਦ ਵਿੱਚ ਤੁਹਾਡੇ ਬੱਚੇ ਦੀ ਦੇਖਭਾਲ ਵਿੱਚ ਸ਼ਾਮਲ ਵੱਖ-ਵੱਖ ਪੇਸ਼ੇਵਰਾਂ ਵਿਚਕਾਰ ਇੱਕ ਅੰਤਿਮ ਬੈਠਕ ਹੋਵੇਗੀ। ਇਸ ਬੈਠਕ ਦਾ ਉਦੇਸ਼ ਇਹ ਸਮਝਣ ਦੇ ਲਈ ਸਾਰੀ ਜਾਣਕਾਰੀ ਦੀ ਸਮੀਖਿਆ ਕਰਨਾ ਹੈ ਕਿ ਤੁਹਾਡੇ ਬੱਚੇ ਦੀ ਮੌਤ ਕਿਉਂ ਹੋਈ ਅਤੇ ਕਿਸੇ ਵੀ ਸਿੱਖਿਆ ਦੀ ਪਛਾਣ ਕਰਨਾ ਜੋ ਭਵਿੱਖ ਵਿੱਚ ਬੱਚਿਆਂ ਦੀਆਂ ਮੌਤਾਂ ਨੂੰ ਰੋਕ ਸਕਦੀ ਹੈ। ਬੈਠਕ ਦੀ ਇੱਕ ਰਿਪੋਰਟ ਸਥਾਨਕ ਚਾਈਲਡ ਡੈਥ ਓਵਰਵਿਊ ਪੈਨਲ ਨੂੰ ਭੇਜੀ ਜਾਂਦੀ ਹੈ (ਪੰਨਾ 14 ਵੇਖੋ)।

ਇਸ ਮੀਟਿੰਗ ਦਾ ਸਰੂਪ ਅਤੇ ਇਸ ਵਿੱਚ ਕਿਹੜੇ ਪੇਸ਼ੇਵਰ ਸ਼ਾਮਲ ਹੋਣਗੇ, ਇਹ ਤੁਹਾਡੇ ਬੱਚੇ ਦੀ ਮੌਤ ਦੇ ਹਾਲਾਤਾਂ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦਾ ਹੈ। ਇਸਨੂੰ ਕਈ ਵੱਖ-ਵੱਖ ਨਾਮਾਂ ਨਾਲ ਜਾਣਿਆ ਜਾ ਸਕਦਾ ਹੈ, ਜਿਵੇਂ ਕਿ 'ਫਾਈਨਲ ਕੇਸ ਡਿਸਕਸ਼ਨ', 'ਹਸਪਤਾਲ ਮੋਰਟੈਲਿਟੀ ਮੀਟਿੰਗ' (ਜੇ ਤੁਹਾਡੇ ਬੱਚੇ ਦੀ ਮੌਤ ਹਸਪਤਾਲ ਵਿੱਚ ਹੋਈ ਹੋਵੇ), ਜਾਂ ਪੇਰੀਨੈਟਲ ਮੌਤਾਂ ਦੇ ਮਾਮਲੇ ਵਿੱਚ 'ਪੇਰੀਨੈਟਲ ਮੋਰਟੈਲਿਟੀ ਰਿਵਿਊ ਮੀਟਿੰਗ'।

ਤੁਹਾਨੂੰ ਤੁਹਾਡੇ ਮੁੱਖ ਕਾਰਕੁਨ ਦੁਆਰਾ ਬੈਠਕ ਵਿੱਚ ਸਵਾਲ ਪੁੱਛਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਬਾਅਦ ਵਿੱਚ ਤੁਹਾਨੂੰ ਕਿਸੇ ਵੀ ਨਤੀਜੇ ਤੇ ਚਰਚਾ ਕਰਨ ਦੇ ਨਾਲ-ਨਾਲ ਤੁਹਾਡੇ ਦੁਆਰਾ ਉਠਾਏ ਗਏ ਕਿਸੇ ਵੀ ਸਵਾਲ ਤੇ ਪ੍ਰਤੀਕਿਰਿਆ ਪ੍ਰਾਪਤ ਕਰਨ ਲਈ ਕਾਰਕੁਨਆਂ ਦੇ ਇੱਕ ਢੁਕਵੇਂ ਸੀਨੀਅਰ ਸੱਦਸ ਨਾਲ ਬੈਠਕ ਦੀ ਪੇਸ਼ਕਸ਼ ਵੀ ਕੀਤੀ ਜਾਣੀ ਚਾਹੀਦੀ ਹੈ। ਇਹ ਬੈਠਕ ਇੱਕ ਸਲਾਹਕਾਰ ਬਾਲ ਰੋਗ ਵਿਗਿਆਨੀ, ਨਵਜਾਤ ਵਿਗਿਆਨੀ, ਪ੍ਰਸੂਤੀ ਵਿਗਿਆਨੀ ਜਾਂ ਸੀਨੀਅਰ ਸਿਹਤ ਪੇਸ਼ੇਵਰ ਨਾਲ ਹੋ ਸਕਦੀ ਹੈ। ਤੁਹਾਡਾ ਮੁੱਖ ਕਾਰਕੁਨ ਇਹਨਾਂ ਬੈਠਕ ਦਾ ਪ੍ਰਬੰਧ ਕਰਨ ਵਿੱਚ ਮਦਦ ਕਰ ਸਕਦਾ ਹੈ।

## ਚਾਈਲਡ ਡੈਥ ਓਵਰਵਿਊ ਪੈਨਲ ਕੀ ਹੁੰਦਾ ਹੈ?

ਇਹ ਇੱਕ ਬਹੁ-ਏਜੰਸੀ ਪੈਨਲ ਹੈ (ਜਿਸਨੂੰ ਚਾਈਲਡ ਡੈਥ ਓਵਰਵਿਊ ਪੈਨਲ (CDOP) ਕਿਹਾ ਜਾਂਦਾ ਹੈ) ਜੋ ਸਮੀਖਿਆ ਦੇ ਪਹਿਲੇ ਪੜਾਵਾਂ ਦੀ ਤੁਲਨਾ ਵਿੱਚ ਸਾਰੇ ਬੱਚਾ ਦੀ ਮੌਤਾਂ ਨੂੰ ਵਿਸ਼ਾਲ ਸੰਦਰਭ ਵਿੱਚ ਵੇਖਦਾ ਹੈ, ਜਿਸ ਵਿੱਚ ਤੁਹਾਡੇ ਬੱਚੇ ਨੂੰ ਵਿਅਕਤੀਗਤ ਤੌਰ ਤੇ ਵਿਚਾਰ ਕੀਤਾ ਜਾਂਦਾ ਹੈ।

**ਕਾਨੂੰਨ ਦੇ ਅਨੁਸਾਰ, ਬੱਚਿਆਂ ਦੀ ਮੌਤਾਂ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈਤਾਂ ਜੋ ਜਿੱਥੇ ਵੀ ਸੰਭਵ ਹੋਵੇ, ਭਵਿੱਖ ਵਿੱਚ ਹੋਣ ਵਾਲੀਆਂ ਮੌਤਾਂ ਨੂੰਰੋਕਿਆ ਜਾ ਸਕੇ**

18 ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚਿਆਂ ਦੀਆਂ ਮੌਤ ਦੀ ਸਮੀਖਿਆ CDOP ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਦੇਸ਼ ਭਰ ਵਿੱਚ ਕਈ ਪੈਨਲ ਹਨ, ਅਤੇ ਤੁਹਾਡੇ ਬੱਚੇ ਦੀ ਮੌਤ ਆਮ ਤੌਰ ਤੇ ਤੁਹਾਡੇ ਪੈਨਲ ਦੁਆਰਾ ਵਿਚਾਰ ਕੀਤਾ ਜਾਵੇਗਾ ਜੋ ਤੁਹਾਡੇ ਬੱਚੇ ਦੇ ਰਹਿਣ ਵਾਲੇ ਸਥਾਨ ਦੇ ਕੋਲ ਹੋਵੇ। CDOPs ਪੇਸ਼ੇਵਰਾਂ ਦੇ ਅਜਿਹੇ ਸਮੂਹ ਹੁੰਦੇ ਹਨ ਜੋ ਆਪਣੇ ਖੇਤਰ ਵਿੱਚ ਸਾਰੇ ਬੱਚਿਆਂ ਦੀਆਂ ਮੌਤਾਂ ਦੀ ਸਮੀਖਿਆ ਕਰਨ ਲਈ ਸਾਲ ਵਿੱਚ ਕਈ ਵਾਰ ਮਿਲਦੇ ਹਨ। ਪੈਨਲ ਨੂੰ ਕਿਸੇ ਵੀ ਦੇਹਾਂਤ ਵਾਲੇ ਬੱਚਿਆਂ ਦੇ ਨਾਮ ਜਾਂ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਜਾਂਦੀ ਜਿਸ ਨਾਲ ਰਿਪੋਰਟ ਵਿੱਚ ਉਸਦੀ ਪਛਾਣ ਹੋ ਸਕਦੇ; ਸਾਰੇ ਵੇਰਵਿਆਂ ਨਾਲ ਗੁਮਨਾਮ ਤੌਰ ਤੇ ਨਜਿੱਠਿਆ ਜਾਂਦਾ ਹੈ। ਉਨ੍ਹਾਂ ਦਾ ਮੁੱਖ ਉਦੇਸ਼ ਇਹਨਾਂ ਮੌਤਾਂ ਤੋਂ ਸਿੱਖ ਕੇ ਭਵਿੱਖ ਵਿੱਚ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਦੀ ਕੋਸ਼ਿਸ਼ ਕਰਨਾ ਹੈ।

ਹਾਲਾਂਕਿ, ਪੈਨਲ ਵਿੱਚ ਉਹ ਪੇਸ਼ੇਵਰ ਸ਼ਾਮਲ ਨਹੀਂ ਹੋਣਗੇ ਜੋ ਤੁਹਾਡੇ ਬੱਚੇ ਦੀ ਦੇਖਭਾਲ ਵਿੱਚ ਸ਼ਾਮਲ ਸਨ, ਫੇਰ ਵੀ ਉਹਨਾਂ ਨੂੰ ਪੇਸ਼ੇਵਰਾਂ ਤੋਂ ਇੱਕ ਰਿਪੋਰਟ ਪ੍ਰਾਪਤ ਹੋਵੇਗੀ ਜੋ ਸ਼ਾਮਲ ਸਨ।

CDOP ਸਥਾਨਕ ਪੱਧਰ ਤੇ ਜ਼ਿੰਮੇਵਾਰ ਲੋਕਾਂ ਨੂੰ ਸਿੱਖੇ ਗਏ ਸਬਕਾਂ ਬਾਰੇ ਸੁਝਾਵ ਅਤੇ ਰਿਪੋਰਟਾਂ ਦਿੰਦਾ ਹੈ। ਇਹ ਕਿੱਸੇ ਇਕ ਬੱਚੇ ਦੀ ਮੌਤ ਬਾਰੇ ਰਿਪੋਰਟ ਤਿਆਰ ਨਹੀਂ ਕਰਦੇ, ਪਰ ਹਰੇਕ CDOP ਇੱਕ ਸਾਲਾਨਾ ਰਿਪੋਰਟ ਬਣਾਉਂਦੇ ਹੈ ਜੋ ਇੱਕ ਜਨਤਕ ਦਸਤਾਵੇਜ਼ ਹੁੰਦਾ ਹੈ। ਕੋਈ ਵੀ ਸਾਲਾਨਾ ਇਸ ਸਾਲਾਨਾ ਰਿਪੋਰਟ ਨੂੰ ਪੜ੍ਹ ਸਕਦਾ ਹੈ, ਪਰ ਇਸ ਵਿੱਚ ਕੋਈ ਵੀ ਜਾਣਕਾਰੀ ਨਹੀਂ ਹੁੰਦੀ ਹੈ ਜਿਸ ਨਾਲ ਕਿੱਸੇ ਇੱਕ ਬੱਚੇ ਜਾਂ ਉਸਦੇ ਪਰਿਵਾਰ ਦੀ ਪਛਾਣ ਹੋ ਸਕੇ।

## ਪੈਨਲ ਵਿੱਚ ਕੌਣ ਹੈ?

ਪੈਨਲ ਵਿੱਚ ਨੁਮਾਇੰਦੇ ਸ਼ਾਮਲ ਹਨ:

- ਜਨਤਕ ਸਿਹਤ
- ਸਥਾਨਕ ਬਾਲ ਸਿਹਤ
- ਸਮਾਜਿਕ ਦੇਖਭਾਲ ਸੇਵਾਵਾਂ
- ਪੁਲਿਸ।

ਜਿੱਥੇ ਲੋੜ ਹੋਵੇ, ਉੱਥੇ ਮਾਹਰ ਸਲਾਹ ਦੇਣ ਦੇ ਲਈ ਹੋਰ ਪੇਸ਼ੇਵਰਾਂ ਨੂੰ ਸੱਦਾ ਦਿੱਤਾ ਜਾ ਸਕਦਾ ਹੈ।

## ਕੀ ਤੁਸੀਂ ਚਾਈਲਡ ਡੈਥ ਓਵਰਵਿਊ ਪੈਨਲ ਵਿੱਚ ਸ਼ਾਮਲ ਹੋ ਸਕਦੇ ਹੋ?

ਇਸ ਪੜਾਅ ਤੇ ਪਰਿਵਾਰਾਂ ਨੂੰ ਪੈਨਲ ਦਾ ਹਿੱਸਾ ਬਣਨ ਦੇ ਲਈ ਜਾਂ ਆਪਣੇ ਬੱਚੇ ਦੀ ਮੌਤ ਨਾਲ ਜੁੜੀ ਚਰਚਾ ਵਿੱਚ ਸ਼ਾਮਲ ਹੋਣ ਲਈ ਸੱਦਾ ਨਹੀਂ ਦਿੱਤਾ ਜਾਂਦਾ ਹੈ। ਪੈਨਲ ਦੀ ਹਰੇਕ ਬੈਠਕ ਵਿੱਚ ਕਈ ਸਾਰੀਆਂ ਮੌਤਾਂ ਤੇ ਚਰਚਾ ਕੀਤੀ ਜਾਂਦੀ ਹੈ ਅਤੇ ਤੁਹਾਡੇ ਬੱਚੇ ਜਾਂ ਇਸ ਵਿੱਚ ਸ਼ਾਮਲ ਕਿਸੇ ਵੀ ਪੇਸ਼ੇਵਰ ਨਾਲ ਜੁੜੀ ਸਾਰੀ ਪਛਾਣਯੋਗ ਜਾਣਕਾਰੀ ਗੁਮਨਾਮ ਰੱਖੀ ਜਾਂਦੀ ਹੈ। ਪੈਨਲ ਸਮੀਖਿਆ ਦੀ ਅਗਿਆਤ ਪ੍ਰਕਿਰਤੀ ਦੇ ਕਾਰਨ, ਇਸ ਬੈਠਕ ਤੋਂ ਤੁਹਾਨੂੰ ਖਾਸ ਪ੍ਰਤੀਕਿਰਿਆ ਦੇਣਾ ਸੰਭਵ ਨਹੀਂ ਹੈ। ਜੇਕਰ ਤੁਹਾਡੇ ਕੋਲ ਤੁਹਾਡੇ ਬੱਚੇ ਦੀ ਮੌਤ ਸੰਬੰਧੀ ਕੋਈ ਅਜਿਹੀ ਜਾਣਕਾਰੀ ਹੈ ਜੋ ਤੁਹਾਨੂੰ ਲੱਗਦਾ ਹੈ ਕਿ ਬੈਠਕ ਦੇ ਲਈ ਉਪਯੋਗੀ ਹੋ ਸਕਦੀ ਹੈ ਤਾਂ ਇਸਨੂੰ ਤੁਹਾਡੇ ਮੁੱਖ ਕਾਰਕੁਨ ਰਾਹੀਂ CDOP ਪ੍ਰਸ਼ਾਸਕ ਨੂੰ ਜਮ੍ਹਾ ਕਰ ਸਕਦੇ ਹੋ।

## ਨੈਸ਼ਨਲ ਚਾਈਲਡ ਮੋਰਟੈਲਿਟੀ ਡੇਟਾਬੇਸ (NCMD)

ਨੈਸ਼ਨਲ ਚਾਈਲਡ ਮੋਰਟੈਲਿਟੀ ਡੇਟਾਬੇਸ (NCMD) CDOPs ਤੋਂ ਇੰਗਲੈਂਡ ਵਿੱਚ ਉਹਨਾਂ ਸਾਰੇ ਬੱਚਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ ਜੋ ਆਪਣੇ 18ਵੇਂ ਜਨਮਦਿਨ ਤੋਂ ਪਹਿਲਾਂ ਮਰ ਜਾਂਦੇ ਹਨ। ਇਸ ਦੀ ਭੂਮਿਕਾ ਇਸ ਜਾਣਕਾਰੀ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਅਤੇ ਵਿਆਖਿਆ ਕਰਨਾ ਹੈ। ਇਸਦੀ ਜਾਣਕਾਰੀ ਨੂੰ ਇਕੱਠਾ ਕਰਨ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਮੌਤ ਦੇ ਕਾਰਣਾਂ ਤੋਂ ਸਿੱਖਿਆ ਜਾਵੇ, ਉਸ ਸਿੱਖਿਆ ਵਿਆਪਕ ਤੌਰ ਤੇ ਸਾਂਝੀ ਕੀਤੀ ਜਾਵੇ, ਅਤੇ ਭਵਿੱਖ ਵਿੱਚ ਰੋਕਥਾਮਯੋਗ ਬੱਚਿਆਂ ਦੀ ਮੌਤਾਂ ਨੂੰ ਘਟਾਉਣ ਲਈ ਸਥਾਨਕ ਅਤੇ ਰਾਸ਼ਟਰੀ ਪੱਧਰ ਤੇ ਕਦਮ ਚੁਕੇ ਜਾਵੇ। **NCMD ਬਾਰੇ ਹੋਰ ਜਾਣਕਾਰੀ ਉਪਲਬਧ ਹੈ।ਇੱਥੇ**।

# ਜੇਕਰ ਬਾਲ ਮੌਤ ਸਮੀਖਿਆ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਗਈ ਹੈ

ਕਈ ਵਾਰ ਮੌਜੂਦਾ ਪ੍ਰਕਿਰਿਆਵਾਂ ਉਸ ਤਰ੍ਹਾਂ ਨਹੀਂ ਹੋ ਸਕਦੀਆਂ ਜਿਵੇਂ ਉਹ ਹੋਣੀਆਂ ਚਾਹੀਦੀਆਂ ਹਨ, ਅਤੇ ਇਸ ਬਾਰੇ ਗੱਲ ਕਰਨਾ ਮੁਸ਼ਕਲ ਹੋ ਸਕਦਾ ਹੈ, ਖ਼ਾਸ ਤੌਰ 'ਤੇ ਇਹ ਧਿਆਨ ਵਿੱਚ ਰੱਖਦੇ ਹੋਏ ਕਿ ਇਸ ਗਾਈਡ ਦੇ ਵੱਖ-ਵੱਖ ਹਿੱਸੇ ਹਰ ਮੌਤ 'ਤੇ ਲਾਗੂ ਨਹੀਂ ਹੁੰਦੇ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਦੀ ਮੌਤ ਦੀ ਸਮੀਖਿਆ ਦੇ ਕਿਸੇ ਵੀ ਸਮੇਂ ਤੁਹਾਨੂੰ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਹੋ ਰਿਹਾ ਹੈ, ਤਾਂ ਤੁਹਾਨੂੰ ਸਭ ਤੋਂ ਪਹਿਲਾਂ ਆਪਣੇ ਮੁੱਖ ਕਾਰਕੁਨ ਨਾਲ ਸੰਪਰਕ ਕਰਨਾ ਚਾਹੀਦਾ ਹੈ। ਤੁਸੀਂ ਕਿਸੇ ਹੋਰ ਪੇਸ਼ੇਵਰ ਨਾਲ ਵੀ ਸੰਪਰਕ ਕਰ ਸਕਦੇ ਹੋ ਜੋ ਤੁਹਾਡੀ ਸਹਾਇਤਾ ਕਰ ਰਿਹਾ ਹੋਵੇ, ਜਾਂ ਕਿਸੇ ਦਾਨ ਸੰਸਥਾ ਜਾਂ ਹੋਰ ਸੰਸਥਾ ਨਾਲ ਜੋ ਸਹਾਇਤਾ ਪ੍ਰਦਾਨ ਕਰ ਸਕਦੀ ਹੈ। ਜੇਕਰ ਤੁਹਾਡੇ ਕੋਲ ਸੰਪਰਕ ਕਰਨ ਲਈ ਕੋਈ ਨਹੀਂ ਹੈ, ਤਾਂ ਕਿਰਪਾ ਕਰਕੇ ਇਸ ਗਾਈਡ ਦੇ ਅੰਤ ਵਿੱਚ ਦਿੱਤੀ ਗਈ ਜਾਣਕਾਰੀ ਅਤੇ ਸੋਗ ਸਹਾਇਤਾ ਵਾਲੇ ਭਾਗਾਂ ਨੂੰ ਵੇਖੋ।

**ਤੁਹਾਡਾ ਮੁੱਖ ਕਾਰਕੁਨ ਤੁਹਾਡਾ ਪਹਿਲਾ ਸੰਪਰਕ ਵਿਅਕਤੀ ਹੋਣਾ ਚਾਹੀਦਾ ਹੈ।**

ਜੇਕਰ ਤੁਹਾਨੂੰ ਯਕੀਨ ਨਹੀਂ ਹੈ ਕਿ ਤੁਹਾਡਾ ਮੁੱਖ ਕਾਰਕੁਨ ਕੌਣ ਹੈ, ਜਾਂ ਤੁਹਾਨੂੰ ਕੋਈ ਵੀ ਮੁੱਖ ਕਾਰਕੁਨ ਨਹੀਂ ਦਿੱਤਾ ਗਿਆ ਹੈ, ਤਾਂ ਕਿਸੇ ਅਜਿਹੇ ਨਾਮੀ ਪੇਸ਼ੇਵਰ ਨਾਲ ਸੰਪਰਕ ਕਰੋ ਜਿਸਦੀ ਜਾਣਕਾਰੀ ਤੁਹਾਡੇ ਕੋਲ ਹੋਵੇ। ਇਹ ਕਿਸੇ ਹਸਪਤਾਲ, ਧਰਮਸ਼ਾਲਾ, ਪੁਲਿਸ ਜਾਂ ਕੋਰੋਨਰ ਦੇ ਦਫ਼ਤਰ ਤੋਂ ਹੋ ਸਕਦਾ ਹੈ।

# ਭਾਗ 2

# ਤੁਹਾਡੇ ਲਈ ਕਰਨਵਾਲੀਆਂ ਚੀਜ਼ਾਂ

ਇਸ ਭਾਗ ਵਿੱਚ ਅਜਿਹੀ ਕੁਝ ਵੱਖ-ਵੱਖ ਚੀਜ਼ਾਂ ਬਾਰੇ ਦੱਸਿਆ ਗਿਆ ਹੈ, ਜਿਨ੍ਹਾਂ ਨੂੰ ਖੁਦ ਕਰਨਾ ਪਹਿ ਸਕਦਾ ਹੈ। ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀਂ ਉਹਨਾਂ ਨੂੰ ਖੁਦ ਨਹੀਂ ਕਰ ਸਕਦੇ, ਤੇ ਤੁਸੀਂ ਆਪ ਕਿੱਸੇ ਹੋਰ ਦੀ ਮਦਦ ਲੈਣ ਬਾਰੇ ਸੋਚ ਸਕਦੇ ਹੋ।

## ਸਹਾਇਤਾ

ਤੁਹਾਡੇ ਬੱਚੇ ਦੀ ਮੌਤ ਤੋਂ ਬਾਅਦ ਦੇ ਸ਼ੁਰੂਅਤੀ ਦਿਨ, ਹਫ਼ਤੇ ਅਤੇ ਮਹੀਨੇ ਬਹੁਤ ਮੁਸ਼ਕਲ ਹੁੰਦੇ ਹਨ। ਤੁਹਾਡੇ ਵਿਚਾਰ ਅਤੇ ਭਾਵਨਾਵਾਂ ਜੋ ਵੀ ਹੋਣ, ਸੋਗ ਇੱਕ ਨਿੱਜੀ ਅਨੁਭਵ ਹੁੰਦਾ ਹੈ ਅਤੇ ਇਸਦਾ ਕੋਈ ਨਿਰਧਾਰਤ ਸਮਾਂ ਜਾਂ ਪ੍ਰਕਿਰਿਆ ਨਹੀਂ ਹੁੰਦਾ ਹੈ। ਸੋਗ ਮਨਾਉਣ ਦਾ ਕੋਈ ਸਹੀ ਜਾਂ ਗਲਤ ਤਰੀਕਾ ਨਹੀਂ ਹੁੰਦਾ ਹੈ।

## ਤੁਹਾਡੇ ਬੱਚੇ ਦੀ ਮੌਤ ਦੀ ਰਜਿਸਟ੍ਰੇਸ਼ਨ

ਤੁਹਾਨੂੰ ਅਪੌਇੰਟਮੈਂਟ ਲੈ ਕੇ ਅਤੇ ਫਿਰ ਰਜਿਸਟਰ ਦਫ਼ਤਰ ਜਾ ਕੇ ਆਪਣੇ ਬੱਚੇ ਦੀ ਮੌਤ ਦੀ ਰਜਿਸਟਰੇਸ਼ਨ ਕਰਵਾਉਣੀ ਪਵੇਗੀ। ਜੇਕਰ ਤੁਸੀਂ ਹੁਣੇ ਤੱਕ ਆਪਣੇ ਬੱਚੇ ਦੇ ਜਨਮ ਨੂੰ ਰਜਿਸਟਰ ਨਹੀਂ ਕਰਵਾਇਆ ਹੈ ਤਾਂ ਤੁਹਾਨੂੰ ਇਹ ਵੀ ਕਰਨਾ ਪਵੇਗਾ - ਜਨਮ ਦੇ 42 ਦਿਨਾਂ ਦੇ ਅੰਦਰ ਜਨਮ ਨੂੰ ਰਜਿਸਟਰ ਕਰਨਾ ਜ਼ਰੂਰੀ ਹੈ। ਇਹ ਤੁਹਾਡੇ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਇੱਕ ਮੁਲਾਕਾਤ ਦੌਰਾਨ ਦੋਵੇਂ ਕਰਨਾ ਚਾਹੁੰਦੇ ਹੋ ਜਾਂ ਨਹੀਂ।
ਜੇਕਰ ਤੁਹਾਨੂੰ ਮੌਤ ਦੇ ਕਾਰਨ ਦਾ ਡਾਕਟਰੀ ਪ੍ਰਮਾਣ ਪੱਤਰ ਜਾਰੀ ਕੀਤਾ ਗਿਆ ਹੈ, ਤਾਂ ਤੁਹਾਨੂੰ ਆਪਣੇ ਬੱਚੇ ਦੀ ਮੌਤ ਦਰਜ ਕਰਨੀ ਚਾਹੀਦੀ ਹੈ। - ਮੌਤ ਦੇ ਪੰਜ ਦਿਨਾਂ ਦੇ ਅੰਦਰ ਦਰਜ ਕਰਾਉਣੀ ਜ਼ਰੂਰੀ ਹੈ। ਤੁਹਾਨੂੰ ਪ੍ਰਮਾਣ ਪੱਤਰ ਦੇ ਨਾਲ ਇਸ ਬਾਰੇ ਜਾਣਕਾਰੀ ਦਿੱਤੀ ਗਈ ਹੋਵੇਗੀ ਕਿ ਮੌਤ ਕਿੱਥੇ ਦਰਜ ਕਰਵਾਉਣੀ ਹੈ। ਜੇਕਰ ਇਹ ਸੁਵਿਧਾਜਨਕ ਨਹੀਂ ਹੈ, ਤਾਂ ਹੋਰ ਵਿਕਲਪ ਉਪਲਬਧ ਹਨ ਜਿਵੇਂ ਕਿ ਸਥਾਨਕ ਤੌਰ ਤੇ ਘੋਸ਼ਣਾ ਕਰਨਾ; ਜੇਕਰ ਲੋੜ ਹੋਵੇ ਤਾਂ ਰਜਿਸਟਰ ਦਫ਼ਤਰ ਤੋਂ ਇਸ ਬਾਰੇ ਸਲਾਹ ਲੈਣ ਜਾ ਸਕਦੇ ਹੋ।

ਜੇਕਰ ਤੁਹਾਡੇ ਬੱਚੇ ਦੀ ਮੌਤ ਦਾ ਮਾਮਲਾ ਕੋਰੋਨਰ ਕੋਲ ਭੇਜਿਆ ਗਿਆ ਹੈ, ਤਾਂ ਤੁਹਾਡੇ ਆਪਣੇ ਬੱਚੇ ਦੀ ਮੌਤ ਨੂੰ ਦਰਜ ਕਰਨ ਵਿੱਚ ਦੇਰੀ ਹੋ ਸਕਦੀ ਹੈ। ਤੁਸੀਂ ਆਪਣੇ ਬੱਚੇ ਦੀ ਮੌਤ ਨੂੰ ਦਰਜ ਕਰ ਸਕਦੇ ਹੋ ਜਿਵੇਂ ਹੀ ਕੋਰੋਨਰ ਇੱਕ ਫਾਰਮ 100A ਜਾਰੀ ਕਰਦਾ ਹੈ: ਇਹ ਫਾਰਮ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਮੌਤ ਨੂੰ ਦਰਜ ਕੀਤਾ ਜਾ ਸਕਦਾ ਹੈ। ਕੁਝ ਮਾਮਲਿਆਂ ਵਿੱਚ, ਕੋਰੋਨਰ ਪਹਿਲਾਂ ਪੋਸਟਮਾਰਟਮ ਜਾਂਚ ਦਾ ਆਦੇਸ਼ ਦੇ ਸਕਦਾ ਹੈ, ਅਤੇ ਜਿੱਥੇ ਕੋਰੋਨਰ ਨੂੰ ਹੁਣ ਹੋਰ ਜਾਂਚ ਦੀ ਲੋੜ ਨਹੀਂ ਰਹਿੰਦੀ, ਉਹ ਰਜਿਸਟਰਾਰ ਨੂੰ ਇੱਕ ਫਾਰਮ 100B (ਜਿਸਨੂੰ 'ਗੁਲਾਬੀ ਫਾਰਮ' ਕਿਹਾ ਜਾਂਦਾ ਹੈ) ਭੇਜਣਗੇ। ਜੇਕਰ ਜਾਂਚ ਹੋਣ ਵਾਲੀ ਹੈ, ਤਾਂ ਕੋਰੋਨਰ ਜਾਂਚ ਤੋਂ ਬਾਅਦ ਸਿੱਧਾ ਰਜਿਸਟਰ ਦਫ਼ਤਰ ਨੂੰ ਰਿਪੋਰਟ ਕਰੇਗਾ ਅਤੇ ਫਿਰ ਰਜਿਸਟਰਾਰ ਤੁਹਾਡੇ ਬੱਚੇ ਦੀ ਮੌਤ ਨੂੰ ਦਰਜ ਕਰੇਗਾ। ਇੱਕ ਵਾਰ ਜਦੋਂ ਤੁਹਾਡੇ ਬੱਚੇ ਦੀ ਮੌਤ ਦਰਜ ਹੋ ਜਾਂਦੀ ਹੈ, ਤਾਂ ਤੁਸੀਂ ਮੌਤ ਦਾ ਪ੍ਰਮਾਣ ਪੱਤਰ ਪ੍ਰਾਪਤ ਕਰਨ ਦੇ ਯੋਗ ਹੋਵੋਗੇ।

## ਆਪਣੇ ਬੱਚੇ ਦੇ ਅੰਤਿਮ ਸੰਸਕਾਰ ਦੀ ਯੋਜਨਾਬਣਾਉਣਾ

ਤੁਸੀਂ ਕਿਸੇ ਵੀ ਸਮੇਂ ਅੰਤਿਮ ਸੰਸਕਾਰ ਦੀ ਯੋਜਨਾ ਕਦੇ ਵੀ ਸ਼ੁਰੂ ਕਰ ਸਕਦੇ ਹੋ, ਪਰ ਤੁਸੀਂ ਇਸਨੂੰ ਸਿਰਫ਼ ਉਦੋਂ ਹੀ ਸੰਗਠਿਤ ਕਰ ਸਕਦੇ ਹੋ ਜਦੋਂ ਤੁਹਾਡੇ ਕੋਲ ਮੌਤ ਦਾ ਪ੍ਰਮਾਣ ਪੱਤਰ ਜਾਂ ਕੋਰੋਨਰ ਤੋਂ ਢੁਕਵਾਂ ਫਾਰਮ ਹੋਵੇ। ਜੇਕਰ ਤੁਹਾਡੀਆਂ ਕੋਈ ਧਾਰਮਿਕ ਜਾਂ ਹੋਰ ਜ਼ਰੂਰਤਾਂ ਹਨ ਜੋ ਤੁਹਾਡੇ ਬੱਚੇ ਦੇ ਅੰਤਿਮ ਸੰਸਕਾਰ ਦੇ ਸਮੇਂ ਨੂੰ ਪ੍ਰਭਾਵਤ ਕਰ ਸਕਦੀਆਂ ਹਨ, ਤਾਂ ਕਿਰਪਾ ਕਰਕੇ ਜਿਨ੍ਹੀ ਜਲਦੀ ਹੋ ਸਕੇ ਹਸਪਤਾਲ ਦੇ ਕਾਰਕੁਨ ਜਾਂ ਆਪਣੇ ਮੁੱਖ ਕਾਰਕੁਨ ਨਾਲ ਇਸ ਬਾਰੇ ਚਰਚਾ ਕਰੋ। ਜੇਕਰ ਕੋਈ ਕੋਰੋਨਰ ਸ਼ਾਮਲ ਹੈ ਤਾਂ ਉਹ ਉਸਨੂੰ ਸ਼ਾਮਲ ਕਰ ਲੈਣਗੇ। ਹਾਲਾਂਕਿ ਕੋਰੋਨਰ ਤੁਹਾਡੀਆਂ ਇੱਛਾਵਾਂ ਨੂੰ ਧਿਆਨ ਵਿੱਚ ਰੱਖਦੇ ਪੂਰਾ ਕਰਨ ਦੀ ਕੋਸ਼ਿਸ਼ ਕਰੇਗਾ।

ਤੁਸੀਂ ਆਪਣੇ ਚੁਣੇ ਹੋਏ ਅੰਤਿਮ ਸੰਸਕਾਰ ਨਿਰਦੇਸ਼ਕ ਨਾਲ ਸੰਭਾਵੀ ਚੋਣਾਂ ਬਾਰੇ ਚਰਚਾ ਕਰਨਾ ਚਾਹ ਸਕਦੇ ਹੋ। ਇਹ ਗੱਲ ਤੇ ਵਿਚਾਰ ਕਰਨ ਲਈ ਸਮਾਂ ਕੱਢੋ ਕਿ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਸਭ ਤੋਂ ਵੱਧ ਕੀ ਅਰਥਪੂਰਨ ਹੋਵੇਗਾ। ਦਫ਼ਨਾਉਣ ਅਤੇ ਸਸਕਾਰ ਦੇ ਖਰਚੇ ਵੱਖ-ਵੱਖ ਹੁੰਦੇ ਹਨ ਅਤੇ ਹੋਰ ਵੀ ਖਰਚੇ ਹਨ ਜਿਨ੍ਹਾਂ ਤੇ ਤੁਸੀਂ ਵਿਚਾਰ ਨਹੀਂ ਕੀਤਾ ਹੋਵੇਗਾ, ਇਸ ਲਈ ਤੁਹਾਨੂੰ ਪ੍ਰਬੰਧਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਇੱਕ ਲਿਖਤੀ ਅਨੁਮਾਨ ਮੰਗਣਾ ਚਾਹੀਦਾ ਹੈ।

ਜੇਕਰ ਤੁਹਾਡੀ ਆਮਦਨ ਘੱਟ ਹੈ, ਤਾਂ ਤੁਸੀਂ **ਫਿਊਨਰਲ ਖਰਚੇ ਭੁਗਤਾਨ** ਲਈ ਯੋਗ ਹੋ ਸਕਦੇ ਹੋ, ਜਿਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਵਿੱਚ ਤੁਹਾਡਾ ਫਿਊਨਰਲ ਡਾਇਰੈਕਟਰ ਤੁਹਾਡੀ ਮਦਦ ਕਰ ਸਕਦਾ ਹੈ। ਇੰਗਲੈਂਡ ਲਈ **ਬੱਚਿਆਂ ਦਾ ਅੰਤਿਮ ਸੰਸਕਾਰ ਫੰਡ** 18 ਸਾਲ ਤੋਂ ਘੱਟ ਉਮਰ ਦੇ ਬੱਚੇ ਜਾਂ ਗਰਭ ਅਵਸਥਾ ਦੇ 24ਵੇਂ ਹਫ਼ਤੇ ਤੋਂ ਬਾਅਦ ਮਰੇ ਹੋਏ ਜਨਮੇ ਬੱਚੇ ਦੇ ਅੰਤਿਮ ਸੰਸਕਾਰ ਦੇ ਕੁਝ ਖਰਚਿਆਂ ਦਾ ਭੁਗਤਾਨ ਕਰਨ ਵਿੱਚ ਮਦਦ ਕਰ ਸਕਦਾ ਹੈ। ਇਹ ਤੁਹਾਡੀ ਆਮਦਨੀ ਤੇ ਅਧਾਰਿਤ ਨਹੀਂ ਹੈ: ਤੁਸੀਂ ਕਿੰਨਾ ਕਮਾਉਂਦੇ ਹੋ ਜਾਂ ਤੁਹਾਡੀ ਬੱਚਤ ਕਿੰਨੀ ਹੈ, ਇਸਦਾ ਇਸ ਗੱਲ ਤੇ ਕੋਈ ਅਸਰ ਨਹੀਂ ਪਵੇਗਾ ਕਿ ਤੁਹਾਨੂੰ ਕਿੰਨੀ ਰਕਮ ਮਿਲੇਗੀ। ਇਹ ਫੰਡ ਦਫ਼ਨਾਉਣ, ਸਸਕਾਰ ਦੇ ਖਰਚ (ਜਿਸ ਵਿੱਚ ਡਾਕਟਰ ਦੇ ਪ੍ਰਮਾਣ ਪੱਤਰ ਦੇ ਖਰਚ ਵੀ ਸ਼ਾਮਲ ਹਨ), ਤਾਬੂਤ, ਕਫ਼ਨ ਜਾਂ ਪੇਟੀ (£300 ਤੱਕ) ਦਾ ਭੁਗਤਾਨ ਕਰਨ ਵਿੱਚ ਮਦਦ ਕਰ ਸਕਦਾ ਹੈ। ਜੇਕਰ ਤੁਹਾਡੇ ਅੰਤਿਮ ਸੰਸਕਾਰ ਦੇ ਖਰਚੇ ਨਾਲ ਜੁੜੇ ਕੁਝ ਹੋਰ ਖਰਚ ਹਨ, ਤਾਂ ਤੁਹਾਨੂੰ ਅੰਤਿਮ ਸੰਸਕਾਰ ਖਰਚਿਆਂ ਦੇ ਭੁਗਤਾਨ ਲਈ ਅਰਜ਼ੀ ਦੇ ਸਕਦੇ ਹੋ।

## ਬਾਲ ਲਾਭ ਅਤੇ ਹੋਰਭੁਗਤਾਨ

ਜੇਕਰ ਤੁਹਾਨੂੰ ਆਪਣੇ ਬੱਚੇ ਲਈ ਲਾਭ ਮਿਲ ਰਹੇ ਸਨ, ਭਾਵੇਂ ਉਹ ਭੁਗਤਾਨਾਂ ਜਾਂ ਉਪਕਰਣਾਂ ਦੇ ਰੂਪ ਵਿੱਚ ਹੋਣ, ਤਾਂ ਇਹ ਆਮ ਤੌਰ 'ਤੇ ਬੱਚੇ ਦੀ ਮੌਤ ਤੋਂ ਬਾਅਦ ਕੁਝ ਹਫ਼ਤਿਆਂ ਤੱਕ ਜਾਰੀ ਰਹਿੰਦੇ ਹਨ, ਪਰ ਵੱਖ-ਵੱਖ ਲਾਭਾਂ ਲਈ ਇਹ ਮਿਆਦ ਵੱਖ-ਵੱਖ ਹੋ ਸਕਦੀ ਹੈ। ਤੁਹਾਡੇ ਲਾਭ ਪ੍ਰਦਾਨ ਕਰਨ ਵਾਲੀਆਂ ਏਜੰਸੀਆਂ ਨਾਲ ਸੰਪਰਕ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ, ਅਤੇ ਇਹ ਵਧੀਆ ਹੈ ਕਿ ਤੁਸੀਂ ਇਸ ਵਿੱਚ ਦੇਰੀ ਨਾ ਕਰੋ, ਨਹੀਂ ਤਾਂ ਤੁਹਾਨੂੰ ਵੱਧ ਭੁਗਤਾਨ ਹੋ ਸਕਦਾ ਹੈ ਅਤੇ ਤੁਹਾਨੂੰ ਉਹ ਵਾਧੂ ਰਕਮ ਵਾਪਸ ਕਰਨੀ ਪੈ ਸਕਦੀ ਹੈ। ਸਰਕਾਰ ਇਸ ਬਾਰੇ ਆਪਣੀ ਵੈੱਬਸਾਈਟ 'ਤੇ ਜਾਣਕਾਰੀ ਪ੍ਰਦਾਨ ਕਰਦੀ ਹੈ। **ਵੈੱਬਸਾਈਟ.**

ਕਿਸੀ ਬੱਚੇ ਦੀ ਮੌਤ ਤੋਂ ਬਾਅਦ, ਅੱਠ ਹਫ਼ਤਿਆਂ ਤੱਕ ਬੱਚੇ ਨਾਲ ਮਿਲਣ ਵਾਲੇ ਲਾਭ ਦਾ ਭੁਗਤਾਨ ਕੀਤਾ ਜਾਂਦਾ ਹੈ, ਪਰ ਤੁਹਾਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੋਏਗੀ ਕਿ ਤੁਸੀਂ ਚਾਈਲਡ ਬੈਨੇਫਿਟ ਦਫ਼ਤਰ ਨੂੰ ਆਪਣੇ ਬੱਚੇ ਦੀ ਮੌਤ ਮਾਰੇ ਦੱਸਿਆ ਹੈ। ਤੁਸੀਂ ਫ਼ੋਨ ਜਾਂ ਡਾਕ ਰਾਹੀਂ ਅਜਿਹਾ ਕਰ ਸਕਦੇ ਹੋ। ਤੁਸੀਂ ਇਸ ਬਾਰੇ ਹੋਰ ਜਾਣਕਾਰੀ **ਇੱਥੇ ਉਨ੍ਹਾਂ ਦੀ ਵੈੱਬਸਾਈਟ 'ਤੇ** ਤੇ ਪ੍ਰਾਪਤ ਕਰ ਸਕਦੇ ਹੋ।

ਇਹਨਾਂ ਏਜੰਸੀਆਂ ਨਾਲ ਸੰਪਰਕ ਕਰਨਾ ਮੁਸ਼ਕਲ ਹੋ ਸਕਦਾ ਹੈ, ਇਸ ਲਈ ਇਹ ਇੱਕ ਅਜਿਹਾ ਕੰਮ ਹੋ ਸਕਦਾ ਹੈ ਜਿਸ ਵਿੱਚ ਤੁਸੀਂ ਕਿਸੇ ਕੋਲੋਂ ਮਦਦ ਮੰਗੋ।

## ਵਿਚਾਰਨਵਾਲੀਆਂ ਹੋਰ ਗੱਲਾਂ

ਤੁਹਾਡੇ ਬੱਚੇ ਡਾਕਟਰ (GP) ਅਤੇ ਸਕੂਲ ਜਾਂ ਕਾਲਜ ਨੂੰ ਕਿਸੀ ਸਿਹਤ ਸੰਭਾਲ ਪੇਸ਼ੇਵਰ ਦੁਆਰਾ ਤੁਹਾਡੇ ਬੱਚੇ ਦੀ ਮੌਤ ਬਾਰੇ ਜਲਦੀ ਸੂਚਿਤ ਕਰ ਦੇਣਾ ਚਾਹੀਦਾ ਸੀ, ਪਰ ਕੁਝ ਪਰਿਵਾਰ ਉਨ੍ਹਾਂ ਨਾਲ ਸਿੱਧਾ ਸੰਪਰਕ ਵੀ ਕਰਦੇ ਹਨ। ਤੁਸੀਂ ਆਪਣੇ ਡਾਕਟਰ ਨੂੰ ਬੇਨਤੀ ਕਰ ਸਕਦੇ ਹੋ ਕਿ ਉਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਰਿਕਾਰਡਾਂ ਤੇ ਆਪਣੇ ਬੱਚੇ ਦੀ ਮੌਤ ਬਾਰੇ ਇੱਕ ਫਲੈਗ ਚਿੰਨ ਲਗਾ ਦੇਵੇ ਤਾਂ ਜੋ ਹਰ ਵਾਰ ਡਾਕਟਰ ਕੋਲ ਜਾਉਣ ਤੇ ਤੁਹਾਨੂੰ ਇਹ ਸਮਝਾਉਣ ਦੀ ਲੋੜ ਨਾ ਪਵੇ ਕਿ ਕੀ ਹੋਇਆ ਸੀ।

ਹੋ ਸਕਦਾ ਹੈ ਕਿ ਕੁੱਝ ਹੋਰ ਥਾਵਾਂ ਤੇ ਵੀ ਤੁਹਾਡੇ ਬੱਚੇ ਦੇ ਵੇਰਵੇ ਮੌਜੂਦ ਹੋਣ ਜਿਵੇਂ ਕਿ ਬੈਂਕ ਅਤੇ ਬਿਲਡਿੰਗ ਸੋਸਾਇਟੀਆਂ (ਇਮਾਰਤੀ ਸਮਾਜ), ਸਥਾਨਕ ਸਮੂਹ, ਧਾਰਮਿਕ ਸੰਗਠਨ, ਕਲੱਬ, ਦੰਦਾਂ ਦੇ ਡਾਕਟਰ ਅਤੇ ਅੱਖਾਂ ਦੇ ਡਾਕਟਰ ਜਿਨ੍ਹਾਂ ਬਾਰੇ ਤੁਹਾਨੂੰ ਕਿਸੇ ਸਮੇਂ ਸੂਚਿਤ ਕਰਨ ਦੀ ਲੋੜ ਹੋਵੇਗੀ। ਜੇਕਰ ਤੁਸੀਂ ਕਿਸੇ ਵੀ ਬੱਚੇ ਜਾਂ ਬੱਚਿਆਂ ਦੇ ਸਮੂਹਾਂ ਨਾਲ ਜੁੜੇ ਸੀ, ਜਿਵੇਂ ਕਿ ਸੁਪਰਮਾਰਕੀਟ ਕਲੱਬ ਜਾਂ ਔਨਲਾਈਨ ਕਲੱਬ, ਤਾਂ ਤੁਹਾਨੂੰ ਉਨ੍ਹਾਂ ਨੂੰ ਦੱਸਣ ਦੀ ਲੋੜ ਹੋਵੇਗੀ ਕਿ ਤੁਸੀਂ ਉਹਨਾਂ ਕੋਲੋਂ ਹੋਰ ਕੋਈ ਜਾਣਕਾਰੀ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ।
ਨਹੀਂ ਤਾਂ, ਤੁਹਾਡੇ ਬੱਚੇ ਦੀ ਉਮੀਦ ਤਰੱਕੀ ਨਾਲ ਜੁੜੀ ਪੇਸ਼ਕਸ਼ਾਂ ਅਤੇ ਜਾਣਕਾਰੀ ਦੇ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਮੇਲਿੰਗ ਪ੍ਰੀਫਰੈਂਸ ਸਰਵਿਸ ਇਸ ਵਿੱਚ ਮਦਦ ਕਰ ਸਕਦੀ ਹੈ; **ਤੁਸੀਂ ਇੱਥੇ ਆਨਲਾਈਨ ਰਜਿਸਟਰ ਕਰ ਸਕਦੇ ਹੋ**।

ਜੇਕਰ ਸੋਸ਼ਲ ਮੀਡੀਆ ਤੇ ਤੁਹਾਡੇ ਬੱਚੇ ਦੀਆਂ ਤਸਵੀਰਾਂ ਹਨ ਤਾਂ ਤੁਸੀਂ ਆਪਣੀਆਂ ਗੋਪਨੀਯਤਾ ਸੈਟਿੰਗਾਂ ਤੇ ਦੋਬਾਰਾ ਵਿਚਾਰ ਕਰ ਸਕਦੇ ਹੋ, ਕਿਉਂਕਿ ਜੇਕਰ ਇਹ ਤਸਵੀਰਾਂ ਜਨਤਕ ਤੌਰ ਤੇ ਉਪਲਬਧ ਹਨ, ਤਾਂ ਤੁਹਾਡੀ ਇਜਾਜ਼ਤ ਤੋਂ ਬਿਨਾਂ ਇਸਨੂੰ ਦੁਬਾਰਾ ਵਰਤੋਂ ਕੀਤੀ ਜਾ ਸਕਦੀ ਹੈ। ਜੇਕਰ ਤੁਹਾਡੇ ਬੱਚੇ ਦੇ ਆਪਣੇ ਸੋਸ਼ਲ ਮੀਡੀਆ ਖਾਤੇ ਹਨ, ਤਾਂ ਤੁਸੀਂ ਉਸਨੂੰ ਜਾਂ ਤਾਂ ਅਕਿਰਿਆਸ਼ੀਲ ਕਰ ਸਕਦੇ ਹੋ, ਉਹਨਾਂ ਨੂੰ ਯਾਦਗਾਰੀ ਖਾਤੇ ਵਿੱਚ ਬਦਲ ਸਕਦੇ ਹੋ ਜਾਂ ਉਹਨਾਂ ਨੂੰ 'ਲਾਈਵ' ਖਾਤਿਆਂ ਵਜੋਂ ਛੱਡ ਸਕਦੇ ਹੋ। ਇਸ ਖਾਤਿਆਂ ਨੂੰ ਬਦਲਣ ਦੇ ਲਈ, ਤੁਹਾਨੂੰ ਸੋਸ਼ਲ ਮੀਡੀਆ ਪ੍ਰਦਾਤਾ ਨੂੰ ਆਪਣੇ ਰਿਸ਼ਤੇ ਦਾ ਸਬੂਤ ਅਤੇ ਆਪਣੇ ਬੱਚੇ ਦੀ ਮੌਤ ਦਾ ਪ੍ਰਮਾਣ ਪੱਤਰ ਦੇਣਾ ਹੋਵੇਗਾ।

ਇਸ ਪੜਾਅ ਤੇ ਨੌਕਰੀ ਤੇ ਵਾਪਸ ਆਉਣ ਬਾਰੇ ਸੋਚਣਾ ਸ਼ਾਇਦ ਤੁਹਾਡੇ ਲਈ ਸੰਭਵ ਨਾ ਹੋਵੇ। **ਸ਼ੋਕਗ੍ਰਸਤ ਮਾਪਿਆਂ ਲਈ ਤਨਖਾਹ ਵਾਲੀ ਛੁੱਟੀ** ਤੁਹਾਨੂੰ ਅਤੇ ਤੁਹਾਡੇ ਸਾਥੀ ਨੂੰ ਆਪਣੇ ਬੱਚੇ ਦੀ ਮੌਤ ਤੋਂ ਬਾਅਦ ਦੇ ਇੱਕ ਸਾਲ ਅੰਦਰ ਦੋ ਹਫ਼ਤਿਆਂ ਤੱਕ ਦੀ ਛੁੱਟੀ ਲੈਣ ਦਾ ਅਧਿਕਾਰ ਦਿੰਦੀ ਹੈ, ਪਰ ਤੁਹਾਡਾ ਨਿਯੋਗਤਾ ਸਹਾਨੁਭੂਤੀ ਛੁੱਟੀ ਬਾਰੇ ਆਪਣਾ ਵੱਖਰਾ ਫੈਸਲਾ ਵੀ ਕਰ ਸਕਦਾ ਹੈ। ਤੁਸੀਂ ਪਹਿਲੇ ਹਫ਼ਤੇ ਲਈ ਆਪਣੀ ਬਿਮਾਰੀ ਦੀ ਛੁੱਟੀ ਨੂੰ ਸਵੈ-ਪ੍ਰਮਾਣਿਤ ਕਰ ਸਕਦੇ ਹੋ, ਅਤੇ ਉਸਦੇ ਬਾਅਦ ਬਿਮਾਰੀ ਦੀ ਛੁੱਟੀ ਲੈਣਾ ਜਾਰੀ ਰੱਖਣ ਲਈ ਤੁਹਾਨੂੰ ਆਪਣੇ ਜੀ.ਪੀ. ਕੋਲ 'ਫਿਟ ਨੋਟ' ਲਈ ਜਾਣਾ ਪਵੇਗਾ। ਜੇਕਰ ਤੁਹਾਨੂੰ ਆਪਣੇ ਮਾਲਕ ਦੀ ਸਥਿਤੀ ਅਤੇ ਤਨਖਾਹ ਵਾਲੀ ਛੁੱਟੀ ਦੇ ਆਪਣੇ ਅਧਿਕਾਰ ਬਾਰੇ ਵਧੇਰੇ ਜਾਣਕਾਰੀ ਦੀ ਲੋੜ ਹੈ, ਤਾਂ ਆਪਣੇ ਕੰਮ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰੋ, ਜਾਂ ਕਿਸੇ ਹੋਰ ਕਰਨ ਲਈ ਕਹੋ।

ਤੁਹਾਡੇ ਲਈ ਅਤੇ ਤੁਹਾਡੇ ਪੂਰੇ ਪਰਿਵਾਰ ਲਈ ਜਿਸ ਵਿੱਚ ਤੁਹਾਡੇ ਹੋਰ ਬੱਚੇ ਵੀ ਸ਼ਾਮਲ ਹਨ ਭਾਵਨਾਤਮਕ ਸਹਾਇਤਾ ਉਪਲਬਧ ਹੈ। ਇਸ ਗਾਈਡ ਦੇ ਅੰਤ ਵਿੱਚ ਸੂਚੀਬੱਧ ਸੋਗ ਸਹਾਇਤਾ ਸੰਸਥਾਵਾਂ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਕਿਸੇ ਵੀ ਸਮੇਂ ਖੁੱਲ੍ਹੀਆਂ ਹਨ, ਭਾਵੇਂ ਤੁਹਾਡੇ ਹਸਪਤਾਲ ਜਾਂ ਧਰਮਸ਼ਾਲਾ ਪਹਿਲਾਂ ਤੋਂ ਹੀ ਸਹਾਇਤਾ ਮਿਲ ਰਹੀ ਹੋਵੇ। ਸੋਗ ਸਹਾਇਤਾ ਕਈ ਵੱਖ-ਵੱਖ ਤਰੀਕਿਆਂ ਨਾਲ ਉਪਲਬਧ ਹੈ, ਭਾਵੇਂ ਫੋਨ ਤੇ ਗੱਲ ਕਰਨਾ ਆਰਾਮਦਾਇਕ ਹੋਵੇ ਜਾਂ ਤੁਸੀਂ ਈਮੇਲ ਕਰਨਾ, ਔਨਲਾਈਨ ਜੁੜਨਾ ਜਾਂ ਆਹਮੋ-ਸਾਹਮਣੇ ਮਿਲਣਾ ਪਸੰਦ ਕਰੋਗੇ।

ਜੇਕਰ ਤੁਹਾਨੂੰ ਕਿਸੇ ਵੀ ਸਮੇਂ ਤੁਰੰਤ ਸਹਾਇਤਾ ਦੀ ਲੋੜ ਹੋਵੇ, ਤਾਂ **ਸਮੈਰਿਟਨਜ਼** ਹਰ ਸਮੇਂ ਉਪਲਬਧ ਹਨ, **116 123**'ਤੇ ਫ਼ੋਨ ਕਰਕੇ।

## ਹੋਰ ਜਾਣਕਾਰੀ ਲਈ ਕਿੱਥੇ ਜਾਣਾ ਹੈ

**ਬੱਚਿਆਂ ਦੀ ਮੌਤ ਦੀ ਸਮੀਖਿਆ ਪ੍ਰਕਿਰਿਆ** ਦਾ ਵਿਸਤ੍ਰਿਤ ਵੇਰਵਾ ਪੇਸ਼ੇਵਰਾਂ ਲਈ ਸੰਚਾਲਕੀ ਅਤੇ ਵੈਧਾਨਕ ਮਾਰਗਦਰਸ਼ਨ" ਵਿੱਚ ਦਿੱਤਾ ਗਿਆ ਹੈ। ਜੇਕਰ ਤੁਸੀਂ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ, ਤਾਂ ਤੁਸੀਂ ਇਸਨੂੰ ਵੇਖਣਾ ਚਾਹ ਸਕਦੇ ਹੋ।

## ਕੋਰੋਨਰਾਂ ਦੀਆਂ ਅਦਾਲਤਾਂ ਸਹਾਇਤਾ ਸੇਵਾ

ਇੱਕ ਸਵੈ-ਇੱਛਤ ਸਹਾਇਤਾ ਸੰਸਥਾ ਜੋ ਕੋਰੋਨਰ ਦੀ ਅਦਾਲਤ ਵਿੱਚ ਹੋਣ ਵਾਲੀ ਜਾਂਚ ਵਿੱਚ ਸ਼ਾਮਲ ਹੋਣ ਵਾਲੇ ਪਰਿਵਾਰਾਂ ਨੂੰ ਭਾਵਨਾਤਮਕ ਅਤੇ ਵਿਵਹਾਰਕ ਸਹਾਇਤਾ ਪ੍ਰਦਾਨ ਕਰਦੀ ਹੈ। ਤੁਸੀਂ ਇਸ ਬਾਰੇ ਹੋਰ ਜਾਣਕਾਰੀ **ਇੱਥੇ ਉਨ੍ਹਾਂ ਦੀ ਵੈੱਬਸਾਈਟ 'ਤੇ** ਤੇ ਪ੍ਰਾਪਤ ਕਰ ਸਕਦੇ ਹੋ।

## ਪੋਸਟਮਾਰਟਮ ਦੀ ਜਾਂਚ

NHS ਪੋਸਟਮਾਰਟਮ ਜਾਂਚਾਂ ਦੇ ਬਾਰੇ ਅਤੇ ਹੋਰ ਵਿਸਤ੍ਰਿਤ ਜਾਣਕਾਰੀ ਕਿੱਥੋਂ ਪ੍ਰਾਪਤ ਕਰਨੀ ਕਰੇ, ਇਸ ਵਿਸ਼ੇ ਤੇ ਔਨਲਾਈਨ ਜਾਣਕਾਰੀ ਉਪਲਬਦ ਕਰਦਾ ਹਨ। ਤੁਸੀਂ ਇਸ ਬਾਰੇ ਹੋਰ ਜਾਣਕਾਰੀ **ਇੱਥੇ ਉਨ੍ਹਾਂ ਦੀ ਵੈੱਬਸਾਈਟ 'ਤੇ** ਤੇ ਪ੍ਰਾਪਤ ਕਰ ਸਕਦੇ ਹੋ।

# ਸ਼ੋਕ ਸਮਰਥਨ ਦੇ ਸਰੋਤ

ਤੁਹਾਨੂੰ ਸਹਾਇਤਾ ਦੇਣੀ ਚਾਹੀਦੀ ਹੈ ਅਤੇ ਉਹਨਾਂ ਸਥਾਨਕ ਸੇਵਾਵਾਂ ਅਤੇ ਸੰਸਥਾਵਾਂ ਦੇ ਬਾਰੇ ਦੇਣੀ ਚਾਹੀਦੀ ਹੈ ਜਿਨ੍ਹਾਂ ਨਾਲ ਸੰਪਰਕ ਕਰਨਾ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ। ਹੇਠ ਲਿਖੀਆਂ ਰਾਸ਼ਟਰੀ ਸੰਸਥਾਵਾਂ ਵੀ ਸਹਾਇਤਾ ਅਤੇ ਸਲਾਹ ਦੇ ਸਕਦੀਆਂ ਹਨ। ਇਹ ਸਾਰੀਆਂ ਸੰਸਥਾਵਾਂ ਪਰਿਵਾਰਾਂ ਨੂੰ ਸੋਗ ਸਹਾਇਤਾ ਦੀ ਪੇਸ਼ਕਸ਼ ਕਰਦੀਆਂ ਹਨ, ਪਰ ਅਸੀਂ ਕਿਸੇ ਦੀ ਸਿਫ਼ਾਰਸ਼ ਨਹੀਂ ਕਰ ਸਕਦੇ। ਤੁਸੀਂ ਇਹ ਵੀ ਦੇਖਣਾ ਚਾਹ ਸਕਦੇ ਹੋ **ਰਾਸ਼ਟਰੀ ਸੋਗ ਗਠਜੋੜ** ਜੋ ਉਹ ਮਿਆਰ ਤੈਅ ਕਰਦਾ ਹੈ ਜਿਨ੍ਹਾਂ ਵੱਲ ਇਹਨਾਂ ਵਿੱਚੋਂ ਕੁਝ ਸੰਸਥਾਵਾਂ ਕੰਮ ਕਰਦੀਆਂ ਹਨ। ਇਹ ਕੁੱਝ ਸੁਝਾਏ ਗਏ ਸੰਪਰਕ ਹਨ:

## Bliss (ਬਲਿੱਸ)

ਸਮੇਂ ਤੋਂ ਪਹਿਲਾਂ ਜਾਂ ਬਿਮਾਰ ਪੈਦਾ ਹੋਏ ਬੱਚਿਆਂ ਦੇ ਪਰਿਵਾਰਾਂ ਲਈ ਜਾਣਕਾਰੀ ਅਤੇ ਸਹਾਇਤਾ।

www.bliss.org.uk
020 7378 1122
hello@bliss.org.uk

## ਪਰਿਵਾਰ ਦੀ ਦੇਖਭਾਲ - ਸੋਗ ਮਨਾਉਣ ਵਾਲੇ ਮਾਪਿਆਂ ਦੀ ਸਹਾਇਤਾ

ਕਿਸੇ ਵੀ ਅਜਿਹੇ ਮਾਤਾ-ਪਿਤਾ ਦੇ ਲਈ ਸਾਥੀਆਂ ਦਾ ਸਹਿਯੋਗ, ਜਿਸ ਦੇ ਪੁੱਤਰ ਜਾਂ ਧੀ ਦੀ ਮੌਤ ਕਿਸੇ ਵੀ ਉਮਰ ਵਿੱਚ, ਕਿਸੇ ਵੀ ਹਾਲਾਤ ਵਿੱਚ ਅਤੇ ਸੋਗ ਦੀ ਯਾਤਰਾ ਦੇ ਕਿਸੇ ਵੀ ਪੜਾਅ ਤੇ ਹੋਈ ਹੈ।

https://www.careforthefamily.org.uk
029 2081 800
mail@cff.org.uk

## Child Bereavement UK (ਬੱਚੇ ਦੇ ਸ਼ੋਕ ਯੂਕੇ)

ਜਦੋਂ ਕੋਈ ਨਵਾਂ ਜੰਮਿਆ ਬੱਚਾ ਜਾਂ ਬੱਚਾ ਮਰਦਾ ਹੈ ਜਾਂ ਉਹ ਮੌਤ ਦੇ ਕਰੀਬ ਹੈ, ਜਾਂ ਜਦੋਂ ਕੋਈ ਬੱਚਾ ਕਿਸੀ ਆਪਣੇ ਦੇ ਖੋਣ ਦੇ ਸੋਗ ਦਾ ਸਾਹਮਣਾ ਕਰ ਰਿਹਾ ਹੈ, ਤਾਂ ਉਹ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ ਅਤੇ ਪੇਸ਼ੇਵਰਾਂ ਨੂੰ ਸਿੱਖਿਆ ਦਿੰਦਾ ਹੈ।

www.childbereavementuk.org
0800 02 888 40
helpline@childbereavementuk.org

## Child Death Helpline (ਬਾਲ ਮੌਤ ਹੈਲਪਲਾਈਨ)

ਕਿਸੇ ਵੀ ਉਮਰ ਦੇ ਬੱਚੇ ਦੀ ਕਿਸੇ ਵੀ ਕਾਰਨ ਕਰਕੇ ਹੋਈ ਮੌਤ ਤੋਂ ਪ੍ਰਭਾਵਿਤ ਕਿਸੇ ਵੀ ਵਿਅਕਤੀ ਲਈ।

www.childdeathhelpline.org.uk
0800 282986

## The Compassionate Friends (ਦੀ ਕਪਸ਼ਨੇਟ ਫ੍ਰੈਂਡ੍ਸ)

ਸੋਗਗ੍ਰਸਤ ਮਾਪਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਹਾਇਤਾ।

www.tcf.org.uk
0345 123 2304
helpline@tcf.org.uk

## ਦੀ ਲੁਲਲਾਬੀ ਟ੍ਰਸੁਟ

ਕਿਸੇ ਬੱਚੇ ਜਾਂ ਛੋਟੇ ਬੱਚੇ ਦੀ ਅਚਾਨਕ ਅਤੇ ਅਣਕਿਆਸੀ ਮੌਤ ਤੋਂ ਪ੍ਰਭਾਵਿਤ ਕਿਸੇ ਵੀ ਵਿਅਕਤੀ ਲਈ ਸਹਾਇਤਾ।

www.lullabytrust.org.uk
0808 802 6868
support@lullabytrust.org.uk

## SUDC-UK (ਐਸ ਯੂ ਡੀ ਸੀ - ਯੂ ਕੇ)

ਇਹ ਕਿਸੇ ਵੀ ਪਰਿਵਾਰ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ ਜਿਸਦੇ 1 ਤੋਂ 18 ਸਾਲ ਉਮਰ ਦੇ ਬੱਚੇ ਦੀ ਮੌਤ ਅਚਾਨਕ ਅਤੇ ਬਿਨਾਂ ਕਿਸੇ ਸਪੱਸ਼ਟ ਕਾਰਨ ਹੋ ਗਈ ਹੈ।

www.sudc.org.uk
07880 350942
info@sudc.org.uk

## Sands (ਸੈਨਡਸ)

ਬੱਚੇ ਦੀ ਮੌਤ ਤੋਂ ਪ੍ਰਭਾਵਿਤ ਕਿਸੇ ਵੀ ਵਿਅਕਤੀ ਲਈ ਸਹਾਇਤਾ।

www.sands.org.uk
0808 164 3332
helpline@sands.org.uk

## A Child of Mine (ਏ ਚਾਈਲਡ ਆਫ ਮਾਇਨ)

ਸੋਗਗ੍ਰਸਤ ਪਰਿਵਾਰਾਂ ਲਈ ਭਾਵਨਾਤਮਕ ਅਤੇ ਵਿਵਹਾਰਕ ਸਹਾਇਤਾ ਪ੍ਰਦਾਨ ਕਰਦਾ ਹੈ।

www.achildofmine.org.uk
01785 785 819
hello@achildofmine.org.uk

## Twins Trust (ਟਵਿਨ ਟ੍ਰਸੁਟ)

ਬੱਚੇ ਦੀ ਮੌਤ ਤੋਂ ਪ੍ਰਭਾਵਿਤ ਕਿਸੇ ਵੀ ਵਿਅਕਤੀ ਲਈ ਸਹਾਇਤਾ।

https://twinstrust.org/bereavement.html
0800 138 0509
enquiries@twinstrust.org

## 2Wish (2ਵਿਸ਼)

ਕਿਸੀ ਬੱਚੇ ਜਾਂ 25 ਸਾਲ ਤੱਕ ਦੀ ਉਮਰ ਦੇ ਨੌਜਵਾਨ ਦੀ ਅਚਾਨਕ ਮੌਤ ਤੋਂ ਪ੍ਰਭਾਵਿਤ ਕਿਸੇ ਵੀ ਵਿਅਕਤੀ ਨੂੰ ਤੁਰੰਤ ਅਤੇ ਨਿਰੰਤਰ ਸਹਾਇਤਾ ਪ੍ਰਦਾਨ ਕਰਦਾ ਹੈ।

www.2wish.org.uk
01443 853125
info@2wish.org.uk

**ਕਈ ਅਜਿਹੀ ਉਪਯੋਗੀ ਸੰਸਥਾਵਾਂ ਵੀ ਹਨ ਜਿਨ੍ਹਾਂ ਕੋਲ ਸੋਗ ਮਨਾਉਣ ਵਾਲੇ ਪਰਿਵਾਰਾਂ ਲਈ ਉਪਲਬਧ ਬਹੁਤ ਸਾਰੀਆਂ ਛੋਟੀਆਂ, ਵਿਸ਼ੇਸ਼ ਅਤੇ ਸਥਾਨਕ ਸੰਸਥਾਵਾਂ ਬਾਰੇ ਜਾਣਕਾਰੀ ਮੌਜੂਦ ਹਨ।**

**ਹੇਠਾਂ ਦਿੱਤੀ ਗਈ ਸੂਚੀ ਵਿੱਚੋਂ, ਤੁਹਾਨੂੰ ਸ਼ਾਇਦ ਕੋਈ ਅਜਿਹੀ ਸੰਸਥਾ ਲੱਭ ਜਾਵੇ ਜੋ ਤੁਹਾਡੀ ਸਥਿਤੀ ਤੇ ਖਾਸ ਤੌਰ ਤੇ ਧਿਆਨ ਦੇਂਦਾ ਹੋਵੇ, ਜਿੱਥੇ ਤੁਸੀਂ ਆਪਣੀ ਸਤਿਥੀ ਅਨੁਸਾਰ ਸੋਗ ਲੋਕਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਦੀ ਖੋਜ ਸਕਦੇ ਹੋ। ਉਹ ਹੋਰ ਚੈਰਿਟੀਆਂ ਸੰਸਥਾਵਾਂ ਦੀ ਜਾਣਕਾਰੀ ਵੀ ਦੇਂਦੇ ਹਨ, ਜੋ ਤੁਹਾਡੀ ਸਹਾਇਤਾ ਕਰ ਸਕਦੀ ਹੈ:**

### The Childhood Bereavement Network ਦੀ ਚਾਈਲਡਹੁੱਡ ਬੇਰਿਆਵਮੈਂਟ ਨੈੱਟਵਰਕ)

ਸੋਗਗ੍ਰਸਤ ਬੱਚਿਆਂ ਅਤੇ ਨੌਜਵਾਨਾਂ ਦਾ ਸਮਰਥਨ ਕਰਦਾ ਹੈ

www.childhoodbereavementnetwork.org.uk

### At A Loss (ਐਟ ਏ ਲੋਸ)

ਯੂਕੇ ਦੀ ਸੋਗ ਸੰਬੰਧੀ ਸਾਈਨਪੋਸਟਿੰਗ ਅਤੇ ਜਾਣਕਾਰੀ ਵਾਲੀ ਵੈੱਬਸਾਈਟ

www.ataloss.org

### The Good Grief Trust (ਦੀ ਗੁਡ ਗਰੀਫ ਟ੍ਰਸ੍ਟ)

ਇਸ ਉਨ੍ਹਾਂ ਪਰਿਵਾਰਾਂ ਦੀਆਂ ਵੀਡੀਓ, ਕਹਾਣੀਆਂ ਅਤੇ ਲੇਖ ਸ਼ਾਮਲ ਹਨ ਜਿਨ੍ਹਾਂ ਨੇ ਆਪਣਾ ਬੱਚਾ ਗੁਆ ਦਿੱਤਾ ਹੈ ਭਾਵੇਂ ਇਹ ਛੋਟੀ ਉਮਰ ਵਿੱਚ ਹੋਵੇ ਜਾਂ ਜਵਾਨੀ ਵਿੱਚ ਅਤੇ ਨਾਲ ਹੀ ਉਨ੍ਹਾਂ ਪੇਸ਼ੇਵਰਾਂ ਦੀਆਂ ਪਹਿਲਕਦਮੀਆਂ ਸਾਂਝੀਆਂ ਕੀਤੀਆਂ ਹਨ ਜੋ ਅਜਿਹੀ ਪਰਿਵਾਰਾਂ ਦਾ ਸਮਰਥਨ ਕਰਦੇ ਹਨ।

www.thegoodgrieftrust.org

# ਸਪਾਂਸਰਸ਼ਿਪ ਲੋਗੋ

ਨੈਸ਼ਨਲ ਚਾਈਲਡ ਮੌਰਟੈਲਿਟੀ ਡੇਟਾਬੇਸ (NCMD) **ਇੱਕ NHS ਇੰਗਲੈਂਡ ਦੁਆਰਾ ਫੰਡ ਕੀਤਾ ਗਿਆ ਪ੍ਰੋਗਰਾਮ ਹੈ।**